Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 257 | 27/02/2026 | www.samajweekly.com | samajweekly | @samajweekly | samajweekly

# ਸੁਪਰੀਮ ਕੋਰਟ ਵੱਲੋਂ ਐੱਨ ਸੀ ਈ ਆਰ ਟੀ ਪੁਸਤਕ ’ਤੇ ਪਾਬੰਦੀ

## ਵਿਵਾਦਿਤ ਅਧਿਆਏ ‘ਡੂੰਘੀ’ ਅਤੇ ‘ਗਿਣੀਮਿੱਥੀ’ ਸਾਜ਼ਿਸ਼ ਕਰਾਰ; ਅਗਲੀ ਸੁਣਵਾਈ 11 ਨੂੰ

**ਨਵੀਂ ਦਿੱਲੀ/ਜਮਸ਼ੇਦਪੁਰ**

ਸੁਪਰੀਮ ਕੋਰਟ ਨੇ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਦੀ ਅੱਠਵੀਂ ਜਮਾਤ ਦੀ ਸਮਾਜ ਵਿਗਿਆਨ ਦੀ ਪੁਸਤਕ ’ਤੇ ‘ਮੁਕੰਮਲ ਰੋਕ’ ਲਗਾ ਦਿੱਤੀ ਹੈ। ਕੋਰਟ ਨੇ ਕਿਹਾ ਕਿ ਇਸ ਪੁਸਤਕ ਦੇ ਪ੍ਰਕਾਸ਼ਨ, ਰੀਪ੍ਰਿੰਟ ਤੇ ਡਿਜੀਟਲ ਪ੍ਰਸਾਰ ’ਤੇ ਰੋਕ ਰਹੇਗੀ। ਕੋਰਟ ਨੇ ਕਿਤਾਬ ਵਿੱਚ ਨਿਆਂਇਕ ਭ੍ਰਿਸ਼ਟਾਚਾਰ ਬਾਰੇ ਅਧਿਆਏ ’ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਗੋਲੀ ਚੱਲੀ ਹੈ ਤੇ ਸੰਸਥਾ ਲਹੂ-ਲੁਹਾਣ ਹੈ। ਕੋਰਟ ਨੇ ਇਸ ਨੂੰ ‘ਡੂੰਘੀ’ ਤੇ ‘ਗਿਣੀਮਿੱਥੀ’ ਸਾਜ਼ਿਸ਼ ਕਰਾਰ ਦਿੱਤਾ। ਬੈਂਚ ਵੱਲੋਂ ਇਸ ਮਾਮਲੇ ਵਿੱਚ ਅਗਲੇਰੀ ਸੁਣਵਾਈ 11 ਮਾਰਚ ਨੂੰ ਕੀਤੀ ਜਾਵੇਗੀ।ਉਧਰ, ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਪੁਸਤਕ ਵਿੱਚ ਵਿਵਾਦਿਤ ਅਧਿਆਏ ਸ਼ਾਮਲ ਕੀਤੇ ਜਾਣ ’ਤੇ ਦੁੱਖ ਜਤਾਉਂਦਿਆਂ ਜਵਾਬਦੇਹੀ ਨਿਰਧਾਰਿਤ ਕਰਨ ਤੇ ਸਬੰਧਤਾਂ ਖਿਲਾਫ਼ ਕਾਰਵਾਈ ਦਾ ਵਾਅਦਾ ਕੀਤਾ ਹੈ।ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਇਹ ਨਿਆਂਪਾਲਿਕਾ ਦੇ ਗੌਰਵ ਨੂੰ ਸੱਟ ਮਾਰਨ ਤੇ ਇਸ ਨੂੰ ਕਮਜ਼ੋਰ ਕਰਨ ਦੀ ਯੋਜਨਾਬੱਧ ਸਾਜ਼ਿਸ਼ ਲੱਗਦੀ ਹੈ। ਸੁਪਰੀਮ ਕੋਰਟ ਨੇ ਹਦਾਇਤ ਦਿੱਤੀ ਕਿ ਪੁਸਤਕ ਦੀਆਂ ਸਾਰੀਆਂ ਕਾਪੀਆਂ- ਫਿਜ਼ੀਕਲ ਤੇ ਡਿਜੀਟਲ, ਨੂੰ ਬਿਨਾਂ ਕਿਸੇ ਦੇਰੀ ਦੇ ਕਬਜ਼ੇ ਵਿੱਚ ਲਿਆ ਜਾਵੇ ਤੇ ਲੋਕਾਂ ਦੀ ਪਹੁੰਚ ਤੋਂ ਦੂਰ ਕੀਤਾ ਜਾਵੇ। ਬੈਂਚ ਨੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਅਤੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ ‘ਕਾਰਨ ਦੱਸੋ’ ਨੋਟਿਸ ਜਾਰੀ ਕਰਦਿਆਂ ਸਵਾਲ



ਕੀਤਾ ਕਿ ਵਿਵਾਦਿਤ ਅਧਿਆਏ ਸ਼ਾਮਲ ਕਰਨ ਵਾਲੇ ਵਿਅਕਤੀਆਂ ਖਿਲਾਫ਼ ਕਾਰਵਾਈ ਕਿਉਂ ਨਾ ਕੀਤੀ ਜਾਵੇ। ਬੈਂਚ, ਜਿਸ ਵਿੱਚ ਜਸਟਿਸ ਜੌਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐੱਮ ਪੰਚੋਲੀ ਵੀ ਸ਼ਾਮਲ ਸਨ, ਨੇ ਕਿਹਾ ਕਿ ‘ਐਕਸਪਲੋਰਿੰਗ ਸੁਸਾਇਟੀ: ਇੰਡੀਆ ਐਂਡ ਬਿਓਂਡ’ (voilaUm II) ਸਿਰਲੇਖ ਵਾਲੀ ਪੁਸਤਕ ਦੇ ਪ੍ਰਕਾਸ਼ਨ, ਮੁੜ ਪ੍ਰਕਾਸ਼ਨ ਜਾਂ ਡਿਜੀਟਲ ਪ੍ਰਸਾਰ ’ਤੇ ਪੂਰੀ ਤਰ੍ਹਾਂ ਰੋਕ ਰਹੇਗੀ। ਚੇਤੇ ਰਹੇ ਕਿ ਸੁਪਰੀਮ ਕੋਰਟ ਦੀਆਂ ਤਲਖ਼ ਟਿੱਪਣੀਆਂ ਮਗਰੋਂ ਐੱਨ ਸੀ ਈ ਆਰ ਟੀ ਨੇ ਲੰਘੇ ਦਿਨ ਹੀ ਆਪਣੀ ਵੈੱਬਸਾਈਟ ਤੋਂ ਪੁਸਤਕ ਹਟਾ ਲਈ ਸੀ। ਸਿਖਰਲੀ ਅਦਾਲਤ ਨੇ ਚਿਤਾਵਨੀ ਦਿੱਤੀ ਕਿ ਇਲੈਕਟ੍ਰੌਨਿਕ ਮਾਧਿਅਮ ਜਾਂ ਸਮਾਨ ਵਿਸ਼ਾ-ਵਸਤੂ ਵਾਲੇ ਬਦਲਵੇਂ ਸਿਰਲੇਖਾਂ ਰਾਹੀਂ ਉਪਰੋਕਤ ਹੁਕਮਾਂ ਦੀ ਅਵੱਗਿਆ ਦੀ ਕਿਸੇ ਵੀ ਕੋਸ਼ਿਸ਼ ਨੂੰ ਸਿੱਧੀ ਦਖਲਅੰਦਾਜ਼ੀ, ਜਾਣਬੁੱਝ ਕੇ ਉਲੰਘਣਾ ਅਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਮੰਨਿਆ ਜਾਵੇਗਾ। ਸੀ ਜੇ ਆਈ ਨੇ ਕਿਹਾ, ‘‘ਸੰਸਥਾ ਦਾ ਮੁਖੀ ਹੋਣ ਦੇ ਨਾਤੇ ਮੇਰਾ ਫ਼ਰਜ਼ ਬਣਦਾ ਹੈ ਕਿ ਪਤਾ ਕਰਾਂ ਕਿ ਇਸ ਲਈ ਕੌਣ ਜ਼ਿੰਮੇਵਾਰ ਹੈ; ਸਜ਼ਾ ਮਿਲਣੀ ਚਾਹੀਦੀ ਹੈ।’’ ਬੈਂਚ ਨੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਨੂੰ ਹਦਾਇਤ ਦਿੱਤੀ ਹੈ ਕਿ ਉਹ ਉਨ੍ਹਾਂ ਮੀਟਿੰਗਾਂ ਦੇ ਮਿਨਟਸ ਦੇ ਅਸਲ ਰਿਕਾਰਡ ਪੇਸ਼ ਕਰਨ, ਜਿੱਥੇ ਵਿਵਾਦਿਤ ਅਧਿਆਏ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਬੈਂਚ ਨੇ ਅਧਿਆਏ ਦਾ ਖਰੜਾ ਤਿਆਰ ਕਰਨ ਵਾਲੀ ਟੀਮ ਦੇ ਨਾਮ ਤੇ ਦਸਤਾਵੇਜ਼ ਵੀ ਮੰਗੇ।

# ਅਮਰੀਕਾ ਅਤੇ ਈਰਾਨ ਵਿਚਕਾਰ ਪ੍ਰਮਾਣੂ ਗੱਲਬਾਤ ਦਾ ਤੀਜਾ ਦੌਰ

## ਅਮਰੀਕਾ ਨੇ ਈਰਾਨ 'ਤੇ ਸਮਝੌਤੇ ਲਈ ਦਬਾਅ ਪਾਉਣ ਲਈ ਪੱਛਮੀ ਏਸ਼ੀਆ ਵਿੱਚ ਜਹਾਜ਼ਾਂ ਅਤੇ ਜੰਗੀ ਜਹਾਜ਼ਾਂ ਦਾ ਬੇੜਾ ਤਾਇਨਾਤ ਕੀਤਾ ਹੈ

**ਜਿਨੇਵਾ:** ਈਰਾਨ ਅਤੇ ਅਮਰੀਕਾ ਨੇ ਵੀਰਵਾਰ ਨੂੰ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਜਿਨੇਵਾ ਵਿੱਚ ਘੰਟਿਆਂਬੱਧੀ ਗੱਲਬਾਤ ਕੀਤੀ। ਇਸ ਨੂੰ ਕੂਟਨੀਤੀ ਲਈ ਇੱਕ ਆਖਰੀ ਮੌਕੇ ਵਜੋਂ ਦੇਖਿਆ ਜਾ ਰਿਹਾ ਹੈ, ਕਿਉਂਕਿ ਅਮਰੀਕਾ ਨੇ ਈਰਾਨ 'ਤੇ ਸਮਝੌਤੇ ਲਈ ਦਬਾਅ ਪਾਉਣ ਲਈ ਪੱਛਮੀ ਏਸ਼ੀਆ ਵਿੱਚ ਜਹਾਜ਼ਾਂ ਅਤੇ ਜੰਗੀ ਜਹਾਜ਼ਾਂ ਦਾ ਬੇੜਾ ਤਾਇਨਾਤ ਕੀਤਾ ਹੈ। ਪਿਛਲੇ ਸਾਲ ਜੂਨ ਤੋਂ ਬਾਅਦ ਅਮਰੀਕਾ ਅਤੇ ਈਰਾਨ ਵਿਚਕਾਰ ਇਹ ਤੀਜਾ ਦੌਰ ਦੀ ਗੱਲਬਾਤ ਹੈ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਸੀਮਤ ਕਰਨ ਲਈ ਇੱਕ ਸਮਝੌਤਾ ਚਾਹੁੰਦੇ ਹਨ ਅਤੇ ਪਿਛਲੇ ਮਹੀਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਦੇਸ਼ ਵਿੱਚ ਵੱਧ ਰਹੀ ਅਸੰਤੁਸ਼ਟੀ ਨੂੰ ਇੱਕ ਮੌਕੇ ਵਜੋਂ ਦੇਖਦੇ ਹਨ। ਹਾਲਾਂਕਿ, ਈਰਾਨ ਨੇ ਲਗਾਤਾਰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਯੂਰੇਨੀਅਮ ਸੰਸ਼ੋਧਨ ਜਾਰੀ ਰੱਖਣਾ ਚਾਹੁੰਦਾ ਹੈ। ਈਰਾਨ ਨੇ ਕਿਹਾ ਹੈ ਕਿ



ਜੇਕਰ ਅਮਰੀਕਾ ਹਮਲਾ ਕਰਦਾ ਹੈ, ਤਾਂ ਪੱਛਮੀ ਏਸ਼ੀਆ ਵਿੱਚ ਸਾਰੇ ਅਮਰੀਕੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਬੁੱਧਵਾਰ ਨੂੰ ਜਿਨੇਵਾ ਰਵਾਨਾ ਹੋਣ ਤੋਂ ਪਹਿਲਾਂ ਇੰਡੀਆ ਟੂਡੇ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਕੋਈ ਨਹੀਂ ਜਿੱਤੇਗਾ, ਇਹ ਇੱਕ ਵਿਨਾਸ਼ਕਾਰੀ ਯੁੱਧ ਹੋਵੇਗਾ।" "ਕਿਉਂਕਿ ਅਮਰੀਕੀ ਫੌਜੀ ਅੱਡੇ ਪੂਰੇ ਖੇਤਰ ਵਿੱਚ ਫੈਲੇ ਹੋਏ ਹਨ, ਬਦਕਿਸਮਤੀ ਨਾਲ ਪੂਰਾ ਖੇਤਰ ਇਸ ਲੜਾਈ ਵਿੱਚ ਫਸਣ ਦੀ ਸੰਭਾਵਨਾ ਹੈ, ਜੋ ਕਿ ਇੱਕ ਬਹੁਤ ਹੀ ਵਿਨਾਸ਼ਕਾਰੀ ਸਥਿਤੀ ਹੋਵੇਗੀ," ਉਸਨੇ ਅੱਗੇ ਕਿਹਾ।

# ਪਾਕਿਸਤਾਨ 'ਚ 80 ਸਾਲਾਂ ਬਾਅਦ ਖੁੱਲ੍ਹਣਗੇ ਗੁਰਦੁਆਰਾ ਨਾਨਕਸਰ ਦੇ ਬੂਹੇ

**ਚੰਡੀਗੜ੍ਹ।** ਪਾਕਿਸਤਾਨ ਦੇ ਸਿਆਲਕੋਟ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸਾਹਿਬ, ਜੋ ਵੰਡ ਤੋਂ ਬਾਅਦ ਬੰਦ ਪਿਆ ਸੀ, ਹੁਣ ਦੁਬਾਰਾ ਆਬਾਦ ਕੀਤਾ ਜਾਵੇਗਾ। ਗੁਰਦੁਆਰਾ ਪਹਿਲੀ ਪਾਤਸ਼ਾਹੀ ਨਾਨਕਸਰ ਸਿਆਲਕੋਟ ਦੇ ਡਸਕਾ ਜ਼ਿਲ੍ਹੇ ਦੇ ਪਿੰਡ ਫ਼ਤਹਿ ਭਿੰਡਰ ਵਿੱਚ ਸਥਿਤ ਹੈ। ਇਸ ਦੀ ਇਮਾਰਤ ਕਾਫੀ ਖ਼ਸਤਾ ਹਾਲਤ ਵਿੱਚ ਹੈ, ਜਿਸ ਦੀ ਮੁਰੰਮਤ ਲਈ ਹੁਣ ਜਾਂਚ ਕੀਤੀ ਜਾ ਰਹੀ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਸੀ। ਵੰਡ ਵੇਲੇ ਇਹ ਹਿੱਸਾ ਪਾਕਿ-ਸਤਾਨ ਵਿੱਚ ਰਹਿ ਗਿਆ ਸੀ ਅਤੇ ਸਿੱਖ ਪਰਿਵਾਰਾਂ ਦੇ ਉੱਥੋਂ ਚਲੇ ਜਾਣ ਕਾਰਨ ਇਹ ਅਸਥਾਨ ਲੰਬੇ ਸਮੇਂ ਤੋਂ ਖਾਲੀ ਪਿਆ ਸੀ। ਉੱਥੇ ਅੱਜ ਵੀ ਗੁਰਮੁਖੀ ਵਿੱਚ ਲਿਖੀ ਇੱਕ ਸੰਗਮਰਮਰ ਦੀ ਤਖ਼ਤੀ ਮੌਜੂਦ ਹੈ, ਜੋ ਗੁਰੂ ਸਾਹਿਬ ਦੀ ਫੇਰੀ ਬਾਰੇ ਜਾਣਕਾਰੀ ਦਿੰਦੀ ਹੈ। ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ, ਸੱਭਿਆਚਾਰਕ ਕਮੇਟੀ ਦੀ ਚੇਅਰਪਰਸਨ ਸਈਦਾ ਨੋਸ਼ੀਨ ਇਫ਼ਤਿਖਾਰ ਅਤੇ ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਕਮਰ-



ਉਜ਼-ਜ਼ਮਾਨ ਨੇ ਮਾਹਿਰਾਂ ਨਾਲ ਮਿਲ ਕੇ ਇਸ ਅਸਥਾਨ ਦਾ ਦੌਰਾ ਕੀਤਾ। ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਸਿਆਲਕੋਟ ਦੇ 'ਬਾਬੇ ਦੀ ਬੇਰੀ' ਤੋਂ ਵਾਪਸ ਪਰਤਦੇ ਹੋਏ ਇੱਥੇ ਰੁਕੇ ਸਨ। ਉਨ੍ਹਾਂ ਕਿਹਾ ਕਿ ਇਹ ਗੁਰਦੁਆਰਾ ਲਗਪਗ 80 ਸਾਲਾਂ ਤੋਂ ਬੰਦ ਰਹਿਣ ਕਾਰਨ ਕਾਫੀ ਖਸਤਾ ਹਾਲ ਹੋ ਚੁੱਕਾ ਹੈ ਅਤੇ ਇਮਾਰਤ ਵਿੱਚ ਤਰੇੜਾਂ ਆ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਮੁਤਾਬਿਕਵਭ ਵਭਸਿੱਖ ਵਿਰਾਸਤ ਨੂੰ ਸੰਭਾਲਣ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇਹ ਕੰਮ ਕੀਤਾ ਜਾ ਰਿਹਾ ਹੈ। ਅਗਲੇ ਤਿੰਨ ਸਾਲਾਂ ਵਿੱਚ ਪਾਕਿ-ਸਤਾਨ ਦੇ ਲਗਪਗ 40-50 ਗੁਰਦੁਆਰਿਆਂ ਦੀ ਮੁਰੰਮਤ ਕਰਨ ਦੀ ਯੋਜਨਾ ਹੈ। ਪਹਿਲੇ ਪੜਾਅ ਵਿੱਚ 17-18 ਗੁਰਦੁਆਰਿਆਂ ਦਾ ਕੰਮ ਚੱਲ ਰਿਹਾ ਹੈ, ਜੋ ਮਈ ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਅਰੋੜਾ ਨੇ ਕਿਹਾ ਕਿ ਪਾਕਿਸਤਾਨ ਆਉਣ ਵਾਲੇ ਸਿੱਖ ਸ਼ਰਧਾਲੂ ਇਹ ਦੇਖ ਕੇ ਖੁਸ਼ ਹੁੰਦੇ ਹਨ ਕਿ ਉਨ੍ਹਾਂ ਦੇ ਪਵਿੱਤਰ ਅਸਥਾਨ ਸੁਰੱਖਿਅਤ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਤੋਂ ਬਿਨਾਂ ਸਿੱਖ ਇਤਿਹਾਸ ਅਧੂਰਾ ਹੈ।

# ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਤੋਂ ਦਿੱਲੀ ਕੈਂਟ ਸਕੂਲ ਵਿੱਚ ਉਤਰਵਾਈ ਗਈ ਕ੍ਰਿਪਾਨ

**ਦਿੱਲੀ।** ਦਿੱਲੀ ਕੈਂਟ ਦੇ ਇੱਕ ਸਕੂਲ ਵਿੱਚ ਪ੍ਰੀਖਿਆ ਦੇਣ ਆਏ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਨੂੰ ਉਸ ਦੇ ਕਕਾਰ - ਕ੍ਰਿਪਾਨ ਉਤਾਰਨ ਲਈ ਕਿਹਾ ਗਿਆ। ਇਸ ਘਟਨਾ ਨਾਲ ਸਿੱਖ ਜਥੇਬੰਦੀਆਂ ਵਿੱਚ ਰੋਸ ਪੈਦਾ ਹੋ ਗਿਆ। ਜਦੋਂ ਮਾਮਲਾ ਭੜਕਿਆ, ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਮੈਂਬਰ ਤੁਰੰਤ ਮੌਕੇ ’ਤੇ ਪਹੁੰਚੇ। ਉਨ੍ਹਾਂ ਨੇ ਸਕੂਲ ਪ੍ਰਬੰਧਨ ਅਤੇ ਕਰਮਚਾਰੀਆਂ ਨੂੰ ਫਟਕਾਰ ਲਗਾਈ ਅਤੇ ਵਿਦਿਆਰਥੀ ਨੂੰ ਉਸ ਦੀ ਕ੍ਰਿਪਾਨ ਵਾਪਸ ਕਰਵਾਈ। ਇਸ ਘਟਨਾ ਨੇ ਸਿੱਖ ਧਾਰਮਕ ਅਧਿਕਾਰਾਂ ਅਤੇ ਸੰਵਿਧਾਨਕ ਆਜ਼ਾਦੀਆਂ ਬਾਰੇ ਚਰਚਾ ਨੂੰ ਮੁੜ ਜਗਾਇਆ



ਹੈ। ਸਿੱਖ ਜਥੇਬੰਦੀਆਂ ਨੇ ਸਪਸ਼ਟ ਕੀਤਾ ਹੈ ਕਿ ਕਕਾਰ ਸਿੱਖ ਧਰਮ ਦਾ ਅਟੁੱਟ ਹਿੱਸਾ ਹੈ ਅਤੇ ਇਸ ਨੂੰ ਉਤਾਰਨ ਲਈ ਮਜਬੂਰ ਕਰਨਾ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਹੈ।

# ਸਰਕਾਰੀ ਅਧਿਆਪਕਾਂ ਲਈ TET ਲਾਜ਼ਮੀ ਕਰਨ ਦੇ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਵੇਗੀ ਪੰਜਾਬ ਸਰਕਾਰ

## ਫੈਸਲੇ ’ਤੇ ਮੁੜ ਵਿਚਾਰ ਕਰਨ ਲਈ ਰੀਵਿਊ ਪਟੀਸ਼ਨ ਕੀਤੀ ਜਾਵੇਗੀ ਦਾਖ਼ਲ

**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਸਾਰੇ ਅਧਿਆਪਕਾਂ ਲਈ ਅਧਿਆਪਕ ਯੋਗਤਾ ਪ੍ਰੀਖਿਆ (TET) ਲਾਜ਼ਮੀ ਕਰਨ ਦੇ ਸੁਪਰੀਮ ਕੋਰਟ ਦੇ ਹੁਕਮਾਂ ਵਿਰੁੱਧ ਰਿਵਿਊ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਸੂਬੇ ਦੇ 19,000 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਇੱਕ ਲੱਖ ਅਧਿਆਪਕਾਂ ਵਿੱਚੋਂ ਲਗਭਗ 40,000 ਅਧਿਆਪਕ ਪ੍ਰਭਾਵਿਤ ਹੋਣਗੇ। ਨਵੀਂ ਸ਼ਰਤ ਅਨੁਸਾਰ 2011 ਵਿੱਚ ਠਓਠ ਲਾਜ਼ਮੀ ਹੋਣ ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਨੂੰ ਹੁਣ ਆਪਣੀ ਨੌਕਰੀ ਬਚਾਉਣ ਲਈ 31 ਅਗਸਤ 2027 ਤੱਕ ਇਹ ਪ੍ਰੀਖਿਆ ਪਾਸ ਕਰਨੀ ਹੋਵੇਗੀ। ਜਿਨ੍ਹਾਂ ਅਧਿਆਪਕਾਂ ਦੀ ਸੇਵਾਮੁਕਤੀ ਵਿੱਚ 5 ਸਾਲ ਤੋਂ ਘੱਟ ਸਮਾਂ ਬਾਕੀ ਬਚਿਆ ਹੈ ਉਨ੍ਹਾਂ ਨੂੰ ਇਸ ਟੈਸਟ ਤੋਂ ਛੋਟ ਦਿੱਤੀ ਗਈ ਹੈ। ਇਸ ਦੇ ਨਾਲ ਹੀ ਟੈਸਟ ਪਾਸ ਨਾ ਕਰਨ ਵਾਲੇ ਅਧਿਆਪਕਾਂ ਦੀ ਤਰੱਕੀ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਉਧਰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ



ਸਿੰਘ ਬੈਂਸ ਨੇ ਕਿਹਾ ਕਿ ਸਰਕਾਰ ਪ੍ਰਭਾਵਿਤ ਅਧਿਆਪਕਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਅਧਿਆਪਕਾਂ ਦੇ ਹਿੱਤਾਂ ਲਈ ਸੁਪਰੀਮ ਕੋਰਟ ਵਿੱਚ ਫੈਸਲੇ ’ਤੇ ਮੁੜ ਵਿਚਾਰ ਕਰਨ ਲਈ ਰੀਵਿਊ ਪਟੀਸ਼ਨ ਦਾਖਲ ਕਰੇਗੀ । ਸੂਤਰਾਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਰਕਾਰ ਵਿਧਾਨ ਸਭਾ ਦੇ ਆਗਾਮੀ ਬਜਟ ਸੈਸ਼ਨ ਵਿੱਚ ਇਸ ਸਬੰਧੀ ਨਵਾਂ ਕਾਨੂੰਨ ਲਿਆਉਣ ਬਾਰੇ ਵੀ ਵਿਚਾਰ ਕਰ ਸਕਦੀ ਹੈ। ਪੰਜਾਬ ਦੀਆਂ ਅਧਿਆਪਕ ਜਥੇਬੰਦੀਆਂ ਨੇ ਇਸ ਫੈਸਲੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। 'ਡੇਮੋਕ੍ਰੇਟਿਕ ਟੀਚਰਜ਼ ਫਰੰਟ' ਦੇ ਪ੍ਰਧਾਨ ਵਿਕਰਮ ਦੇਵ ਨੇ ਕਿਹਾ ਕਿ ਲਿਖਤੀ ਪ੍ਰੀਖਿਆਵਾਂ ਅਤੇ ਇੰਟਰਵਿਊਆਂ ਰਾਹੀਂ ਭਰਤੀ ਹੋਏ ਅਧਿਆਪਕਾਂ 'ਤੇ ਸਾਲਾਂ ਬਾਅਦ ਕੋਈ ਹੋਰ ਟੈਸਟ ਥੋਪਣਾ ਬੇਇਨਸਾਫੀ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਉਹ ਲੰਬੇ ਸਮੇਂ ਤੋਂ ਇੱਕੋ ਵਿਸ਼ਾ ਪੜ੍ਹਾ ਰਹੇ ਹਨ ਅਤੇ ਠਓਠ ਦੇ ਬਹੁ-ਵਿਸ਼ਾਈ ਸਿਲੇਬਸ ਨਾਲ ਤਾਲਮੇਲ ਬਿਠਾਉਣਾ ਉਨ੍ਹਾਂ ਲਈ ਮੁਸ਼ਕਲ ਹੋਵੇਗਾ। ਯੂਨੀਅਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ 27 ਫਰਵਰੀ ਨੂੰ ਸਿੱਖਿਆ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਕੋਈ ਹੱਲ ਨਾ ਨਿਕਲਿਆ, ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਅਨਿਲ ਅੰਬਾਨੀ ਦਾ 3700 ਕਰੋੜ ਦਾ ਘਰ ਕੁਰਕ



**ਨਵੀਂ ਦਿੱਲੀ ।** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਦੇ ਮੁੰਬਈ ਵਾਲੇ 3,716 ਕਰੋੜ ਰੁਪਏ ਦੇ ਘਰ ‘ਅਬੋਡ‘ ਨੂੰ ਜ਼ਬਤ ਕਰ ਲਿਆ ਹੈ। 66 ਮੀਟਰ ਉੱਚਾ ਅਤੇ 17 ਮੰਜ਼ਿਲਾਂ ਵਾਲਾ ਇਹ ਆਲੀਸ਼ਾਨ ਘਰ ਮੁੰਬਈ ਦੇ ਪਾਲੀ ਹਿੱਲ ਖੇਤਰ ਵਿਚ ਸਥਿਤ ਹੈ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਧੁੰਦ ਕਾਰਨ ਪੀਆਰਟੀਸੀ ਬੱਸ ਅਤੇ ਕਾਰ ਦੀ ਆਪਸ ਵਿਚ ਹੋਈ ਟੱਕਰ, ਇਕ ਦੀ ਮੌਤ



**ਪਟਿਆਲਾ।** ਪੰਜਾਬ ਵਿੱਚ ਅੱਜ ਸਵੇਰ ਦੀ ਧੁੰਦ ਦੌਰਾਨ ਪਟਿਆਲਾ ਦੇ ਸਮਾਣਾ ਵਿੱਚ ਇੱਕ ਪੀਆਰਟੀਸੀ ਬੱਸ ਅਤੇ ਇੱਕ ਕਾਰ ਦੀ ਟੱਕਰ ਹੋ ਗਈ। ਹਾਦਸੇ ਵਿਚ ਕਾਰ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਉਸ ਦੀ ਗਰਭਵਤੀ ਪਤਨੀ ਅਤੇ ਇੱਕ ਬੱਚਾ ਜ਼ਖ਼ਮੀ ਹੋ ਗਏ। ਹਾਦਸੇ ਵਿਚ ਬੱਸ ਕੰਡਕਟਰ ਵੀ ਜ਼ਖ਼ਮੀ ਹੋਇਆ ਹੈ। ਸਾਰਿਆਂ ਨੂੰ ਪਟਿਆਲਾ ਲਿਜਾਇਆ ਗਿਆ। ਜ਼ਖ਼ਮੀਆਂ ਦੀ ਪਛਾਣ ਅਜੇ ਤੱਕ ਨਹੀਂ ਹੋ ਸਕੀ ਹੈ। ਰਿਪੋਰਟਾਂ ਅਨੁਸਾਰ, ਬੱਸ ਸਮਾਣਾ ਤੋਂ ਪਟਿਆਲਾ ਜਾ ਰਹੀ ਸੀ, ਜਦੋਂ ਕਿ ਕਾਰ ਅੰਬਾਲਾ ਤੋਂ ਆ ਰਹੀ ਸੀ। ਦੋਵੇਂ ਵਾਹਨ ਆਹਮੋ-ਸਾਹਮਣੇ ਟਕਰਾ ਗਏ। ਜ਼ਖ਼ਮੀਆਂ ਨੂੰ ਤੁਰੰਤ ਪਟਿਆਲਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਨਵੀਂ ਸ਼ੀਠ ਦਾ ਗਠਨ

**ਚੰਡੀਗੜ੍ਹ ।** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪ ਲਾਪਤਾ ਹੋਣ ਦੇ ਸੰਵੇਦਨਸ਼ੀਲ ਮਾਮਲੇ ਦੀ ਜਾਂਚ ਨੂੰ ਤੇਜ਼ ਅਤੇ ਨਿਰਪੱਖ ਢੰਗ ਨਾਲ ਅੱਗੇ ਵਧਾਉਣ ਲਈ ਨਵੀਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਬਿਊਰੋ ਆਫ਼ ਇਨਵੈਸਟੀਗੇਸ਼ਨ ਵਲੋਂ ਪਹਿਲਾਂ ਦਰਜ ਮਾਮਲੇ ਦੀ ਜਾਂਚ ਹੁਣ ਨਵੀਂ ਟੀਮ ਦੇ ਹਵਾਲੇ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਮਾਮਲਾ ਪੁਲਿਸ ਸਟੇਸ਼ਨ 'ਸੀ' ਡਿਵੀਜ਼ਨ, ਅੰਮ੍ਰਿਤਸਰ ਵਿਚ ਐਫ.ਆਈ.ਆਰ. ਨੰਬਰ 168 ਤਹਿਤ 7 ਦਸੰਬਰ 2025 ਨੂੰ ਦਰਜ ਕੀਤਾ ਗਿਆ ਸੀ। ਮਾਮਲਾ ਆਈ.ਪੀ.ਸੀ. ਦੀਆਂ ਧਾਰਾਵਾਂ 295, 295-ਏ, 409, 465 ਅਤੇ 120-ਬੀ ਅਧੀਨ ਦਰਜ ਹੈ। ਨਵੇਂ ਜਾਰੀ ਹੁਕਮਾਂ ਅਨੁਸਾਰ ਇਸ ਤੋਂ ਪਹਿਲਾਂ ਬਣਾਈਆਂ ਗਈਆਂ ਤਿੰਨ ਟੀਮਾਂ ਦੇ ਆਦੇਸ਼ ਰੱਦ ਕਰਦੇ ਹੋਏ ਤਾਜ਼ਾ ਐਸ.ਆਈ.ਟੀ. ਦਾ



ਗਠਨ ਕੀਤਾ ਗਿਆ ਹੈ। ਐਸ.ਆਈ.ਟੀ. ਦੇ ਚੇਅਰਮੈਨ ਵਜੋਂ ਨਾਨਕ ਸਿੰਘ (ਆਈ.ਪੀ.ਐਸ.) ਦੀ ਨਿਯੁਕਤੀ ਕੀਤੀ ਗਈ ਹੈ। ਟੀਮ ਦੇ ਹੋਰ ਮੈਂਬਰਾਂ ਵਿਚ ਐਸ.ਐਸ.ਪੀ. ਖੰਨਾ ਦਰਪਨ ਆਹਲੂਵਾਲੀਆ (ਆਈਪੀਐਸ), ਐਸ.ਪੀ. ਡਿਟੈਕਟਿਵ ਪਟਿਆਲਾ ਗੁਰਬੰਸ ਸਿੰਘ ਬੈਂਸ (ਪੀਪੀਐਸ), ਐਸ.ਪੀ. ਸਪੈਸ਼ਲ ਬ੍ਰਾਂਚ ਮੁਹਾਲੀ ਸੁਖਨਾਜ਼ ਸਿੰਘ (ਪੀਪੀਐਸ), ਏ.ਸੀ.ਪੀ. ਅੰਮ੍ਰਿਤਸਰ ਹਰਮਿੰਦਰ ਸਿੰਘ (ਪੀਪੀਐਸ) ਅਤੇ ਐਸ.ਐਚ.ਓ. ਸੀ-ਡਿਵੀਜ਼ਨ ਸਬ-ਇੰਸਪੈਕਟਰ ਰਜਵੰਤ ਕੌਰ ਨੂੰ ਸ਼ਾਮਿਲ ਕੀਤਾ ਗਿਆ ਹੈ।

ਹੁਕਮਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਵਲੋਂ ਐਸ.ਆਈ.ਟੀ. ਨੂੰ ਹਰ ਤਰ੍ਹਾਂ ਦਾ ਲੌਜਿਸਟਿਕ ਅਤੇ ਪ੍ਰਸ਼ਾਸਨਿਕ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ, ਤਾਂ ਜੋ ਜਾਂਚ ਨਿਰਪੱਖ, ਵਿਗਿਆਨਿਕ ਢੰਗ ਨਾਲ ਅਤੇ ਤੁਰੰਤ ਸਮੇਂ ਅੰਦਰ ਪੂਰੀ ਕੀਤੀ ਜਾ ਸਕੇ। ਸੂਤਰਾਂ ਮੁਤਾਬਕ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਉੱਚ ਪੱਧਰੀ ਨਿਗਰਾਨੀ ਹੇਠ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਘਰੇ ਵਿਚ ਲਿਆਂਦਾ ਜਾਵੇਗਾ।

## ਪੰਜਾਬ ਬੋਰਡ ਦਾ ਕਿਤਾਬਾਂ ਸਬੰਧੀ ਵੱਡਾ ਫੈਸਲਾ,ਵਿਦਿਆਰਥੀਆਂ ਨੂੰ 15% ਦੀ ਛੋਟ ਮਿਲੇਗੀ



**ਚੰਡੀਗੜ੍ਹ।** ਮਹਿੰਗਾਈ ਦੇ ਇਸ ਸਮੇਂ ਵਿੱਚ, ਪੰਜਾਬ ਸਕੂਲ ਸਿੱਖਿਆ ਬੋਰਡ ਨੇ 2026-27 ਅਕਾਦਮਿਕ ਸਾਲ ਤੋਂ ਸ਼ੁਰੂ ਹੋ ਰਹੇ ਸਾਰੇ ਮਾਨਤਾ ਪ੍ਰਾਪਤ ਅਤੇ ਸੰਬੰਧਿਤ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਇੱਕ ਵੱਡਾ ਫੈਸਲਾ ਲਿਆ ਹੈ। ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ ਪਾਠ-ਪੁਸਤਕਾਂ ਹੁਣ ਬੋਰਡ ਵੱਲੋਂ ਸਕੂਲਾਂ ਰਾਹੀਂ ਸਿੱਧੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਤੇ ਵਿੱਤੀ ਬੋਝ ਨੂੰ ਘਟਾਉਣਾ ਹੈ। ਹੁਣ ਵਿਦਿਆਰਥੀਆਂ ਨੂੰ 15% ਦੀ ਛੋਟ ਸਿੱਧੀ ਦਿੱਤੀ ਜਾਵੇਗੀ, ਜਿਸ ਨਾਲ ਕਿਤਾਬਾਂ ਘੱਟ ਕੀਮਤ 'ਤੇ ਉਪਲਬਧ ਹੋਣਗੀਆਂ।

ਮੰਗਾਂ ਇੱਕ ਔਨਲਾਈਨ ਫਾਰਮ ਭਰ ਕੇ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਸਕੂਲਾਂ ਨੂੰ ਪਹਿਲਾਂ ਲੋੜੀਂਦੀਆਂ ਕਿਤਾਬਾਂ ਦੀਆਂ ਜ਼ਰੂਰਤਾਂ ਬੋਰਡ ਨੂੰ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ। ਹਾਲਾਂਕਿ, ਇਹ ਪ੍ਰਕਿਰਿਆ ਔਨਲਾਈਨ ਵੀ ਕੀਤੀ ਜਾਵੇਗੀ। ਬੋਰਡ ਦੀ ਵੈੱਬਸਾਈਟ (www.pseb.aci.n) 'ਤੇ ਇੱਕ ਵੈੱਬ ਪੋਰਟਲ ਬਣਾਇਆ ਗਿਆ ਹੈ। ਸਕੂਲ ਆਪਣੇ ਲੌਗਇਨ ਆਈਡੀ ਦੀ ਵਰਤੋਂ ਕਰਕੇ "ਕਿਤਾਬ ਦੀ ਮੰਗ" ਪੰਨੇ 'ਤੇ ਜਾ ਸਕਦੇ ਹਨ ਅਤੇ 15 ਮਾਰਚ, 2026 ਤੱਕ ਆਪਣੀਆਂ ਕਲਾਸ-ਵਾਰ ਅਤੇ ਵਿਸ਼ਾ-ਵਾਰ ਕਿਤਾਬਾਂ ਦੀਆਂ ਮੰਗਾਂ ਔਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਸੈਸ਼ਨ ਅਪ੍ਰੈਲ ਵਿੱਚ ਸ਼ੁਰੂ ਹੋਵੇਗਾ। ਬੋਰਡ ਨੇ ਸਾਰੇ ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲਾਂ ਨੂੰ ਕਿਹਾ ਹੈ ਕਿ ਉਹ ਨਿਰਧਾਰਤ ਮਿਤੀ ਤੋਂ ਪਹਿਲਾਂ ਆਪਣੇ ਸਕੂਲ ਲੌਗਇਨ ਤੱਕ ਪਹੁੰਚ ਕਰਕੇ ਕਿਤਾਬ ਦੀ ਮੰਗ ਪ੍ਰੋਫਾਰਮਾ ਨੂੰ ਪੂਰਾ ਕਰਨ, ਤਾਂ ਜੋ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਜ਼ਰੂਰੀ ਪ੍ਰਬੰਧ ਕੀਤੇ ਜਾ ਸਕਣ। ਇਸ ਫੈਸਲੇ ਨਾਲ ਪ੍ਰਾਈਵੇਟ ਸਕੂਲਾਂ ਦੁਆਰਾ ਸ਼ੋਸ਼ਣ ਨੂੰ ਰੋਕਿਆ ਜਾਵੇਗਾ। ਬੋਰਡ ਨੂੰ ਵੀ ਫਾਇਦਾ ਹੋਵੇਗਾ। ਹਾਲਾਂਕਿ, ਬੋਰਡ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਮੁਫ਼ਤ ਪ੍ਰਦਾਨ ਕਰਦਾ ਹੈ। ਸੈਸ਼ਨ 1 ਅਪ੍ਰੈਲ ਤੋਂ ਸ਼ੁਰੂ ਹੋਵੇਗਾ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬੀ.ਸੀ.ਐਮ.ਸਕੂਲ ਵਿਖੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ






**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀ.ਸੀ.ਐਮ. ਸਕੂਲ, ਫੋਕਲ ਪੁਆਇੰਟ, ਲੁਧਿਆਣਾ ਵਿੱਚ ਅਧਿਆਪਕਾਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ "ਮਨ ਸਰੀਰ ਤੰਦਰੁਸਤੀ" 'ਤੇ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ। ਇਹ ਸੈਮੀਨਾਰ ਵੇਦਾਂਤ ਗੁਰੂਕੁਲ, ਲੁਧਿਆਣਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਜਿਸ ਦੇ ਮੁੱਖ ਬੁਲਾਰੇ ਡਾ: ਲੋਕੇਸ਼ ਅਤੇ ਕੁੰਵਰ ਰੰਜਨ ਸਨ। ਸੈਮੀਨਾਰ ਦੇ ਦੌਰਾਨ, ਅਧਿਆਪਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਇਕਾਗਰਤਾ ਨੂੰ ਬਿਹਤਰ ਬਣਾਉਣ ਲਈ ਪ੍ਰਭਾਵਸ਼ਾਲੀ ਸੁਝਾਅ ਦਿੱਤੇ ਗਏ। ਉਨ੍ਹਾਂ ਨੇ ਪਹਿਲਾਂ ਸੁੱਖ ਨਿਰੋਗੀ ਕਾਇਆ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਧਿਆਨ, ਸਕਾਰਾਤਮਕ ਸੋਚ, ਸੰਤੁਲਿਤ ਖੁਰਾਕ, ਮਾਨਸਿਕ ਅਤੇ ਸਰੀਰਕ ਸਿਹਤ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ।ਉਨ੍ਹਾਂ ਨੇ ਕਫ, ਪਿੱਤ ਅਤੇ ਵਾਤ ਨੂੰ ਕੰਟਰੋਲ ਕਰਨ ਲਈ ਢੁਕਵੇਂ ਉਪਾਅ ਸਾਂਝੇ ਕੀਤੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਇੱਕ ਸਿਹਤਮੰਦ ਸਰੀਰ ਸਭ ਤੋਂ ਵੱਡੀ ਖੁਸ਼ੀ ਹੈ। ਨਿਯਮਿਤ ਤੌਰ 'ਤੇ ਸਿਹਤਮੰਦ ਜੀਵਨ ਦਾ ਅਭਿਆਸ ਕਰਕੇ, ਹਰ ਕੋਈ ਤਣਾਅ ਘਟਾ ਸਕਦਾ ਹੈ ਅਤੇ ਆਪਣੇ ਟੀਚਿਆਂ ਨੂੰ ਹੋਰ ਆਸਾਨੀ ਨਾਲ ਪ੍ਰਾਪਤ ਕਰ ਸਕਦਾ ਹੈ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਨੀਰੂ ਕੌੜਾ ਜੀ ਨੇ ਆਏ ਹੋਏ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਸਮਾਗਮ ਅਧਿਆਪਕਾਂ ਦੇ ਸ਼ਖ਼ਸੀਅਤ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਰੀਹਲ ਗੋਤ ਦਾ ਸਤੀ ਮੇਲਾ 1 ਮਾਰਚ ਨੂੰ ਹੋਵੇਗਾ

**ਨਵਾਂਸ਼ਹਿਰ/ਹੁਸ਼ਿਆਰਪੁਰ (ਜਤਿੰਦਰ ਪਾਲ ਸਿੰਘ ਕਲੇਰ)** ਸ੍ਰੀ ਵਿਸ਼ਵਕਰਮਾ ਵੰਸੀ ਰੀਹਲ ਗੋਤ (ਧੀਮਾਨ ਰਾਮਗੜ੍ਹੀਆ ਬਰਾਦਰੀ) ਵਲੋਂ ਸਤੀ ਮਾਤਾ ਦਾ 20 ਵਾਂ ਸਲਾਨਾ ਸਮਾਗਮ ਸਤੀ ਮਾਤਾ ਮੰਦਿਰ ਪਿੰਡ ਗੜ੍ਹੀ ਮਾਨਸੋਵਾਲ ਤਹਿਸੀਲ ਗੜ੍ਹਸ਼ੰਕਰ ਜ਼ਿਲਾਂ ਹੁਸ਼ਿਆਰਪੁਰ ਵਿਖੇ 1 ਮਾਰਚ 2026 ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਠੇਕੇਦਾਰ ਤਰਸੇਮ ਸਿੰਘ ਰੀਹਲ ਅਤੇ ਠੇਕੇਦਾਰ ਜਗਨੰਦਨ ਸਿੰਘ ਰੀਹਲ ਨੇ ਦੱਸਿਆ ਕਿ ਇਸ ਸਮਾਗਮ ਸਬੰਧੀ 28 ਫਰਵਰੀ ਦਿਨ ਸ਼ਨੀਵਾਰ ਨੂੰ ਸ੍ਰੀ ਰਮਾਇਣ ਦੇ ਪਾਠ ਆਰੰਭ ਕਰਵਾਏ ਜਾਣਗੇ। ਜਿਨ੍ਹਾਂ ਦੇ ਭੋਗ 1 ਮਾਰਚ ਦਿਨ ਐਤਵਾਰ ਨੂੰ ਪਾਉਣ ਉਪਰੰਤ ਸਵੇਰੇ 10 ਤੋਂ 1 ਵਜੇ ਤੱਕ ਧਾਰਮਿਕ ਪ੍ਰੋਗਰਾਮ ਕਰਵਾਇਆ ਜਾਵੇਗਾ। ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ।



# "ਮਨਰੇਗਾ ਬਚਾਓ" ਰੈਲੀ ਵਿੱਚ ਹਿੱਸਾ ਲੈਣ ਲਈ ਹਲਕਾ ਦੱਖਣੀ ਦੇ ਕਾਂਗਰਸੀ ਵਰਕਰਾਂ ਵਿੱਚ ਭਾਰੀ ਉਤਸਾਹ- ਰਾਹੁਲ ਦੀ ਸੋਚ, ਸਚਾਈ, ਸਪਸ਼ਟਤਾ ਇੱਕ ਦਿਨ ਰੰਗ ਲਿਆਏਗੀ- ਬਾਵਾ

## ਕਿਹਾ- ਮਨਰੇਗਾ ਕਿਰਤੀਆਂ ਪ੍ਰਤੀ ਮਹਾਤਮਾ ਗਾਂਧੀ ਦੀ ਸੱਚੀ ਸੁੱਚੀ ਭਾਵਨਾ ਦੀ ਤਰਜ਼ਮਾਨੀ ਕਰਦੀ ਹੈ

### ਬਰਨਾਲਾ ਰੈਲੀ ਦੀ ਕਾਮਯਾਬੀ ਲਈ ਰਾਜਾ ਵੜਿੰਗ ਦੀ ਅਗਵਾਈ ਵਿੱਚ ਕਾਂਗਰਸੀ ਵਰਕਰ ਅਤੇ ਨੇਤਾ ਪੱਬਾਂ ਭਾਰ- ਰੈਲੀ ਦਾ ਸਟਿੱਕਰ ਕੀਤਾ ਜਾਰੀ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**- ਅੱਜ ਹਲਕਾ ਦੱਖਣੀ ਲੁਧਿਆਣਾ ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਏ.ਆਈ.ਸੀ.ਸੀ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਸਰਪ੍ਰਸਤੀ ਹੇਠ ਕਾਂਗਰਸੀ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ ਜਿਸ ਵਿੱਚ ਬਰਨਾਲਾ ਰੈਲੀ ਲਈ ਸਟਿੱਕਰ ਜਾਰੀ ਕੀਤਾ ਗਿਆ। ਇਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ (ਓ.ਬੀ.ਸੀ) ਦੇ ਜਨਰਲ ਸਕੱਤਰ ਗੁਰਨਾਮ ਸਿੰਘ ਕਲੇਰ, ਜ਼ਿਲ੍ਹਾ ਕਾਂਗਰਸ (ਓ.ਬੀ.ਸੀ) ਦੇ ਪ੍ਰਧਾਨ ਵਰਿੰਦਰ ਭੱਲਾ, ਰਤਨੇਸ਼ ਕੁਮਾਰ, ਰਾਕੇਸ਼ ਗੋਇਲ, ਮਾਸਟਰ ਹਰੀਦੇਵ ਬਾਵਾ, ਮਨਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ "ਮਨਰੇਗਾ ਬਚਾਓ" ਬਰਨਾਲਾ ਰੈਲੀ ਵਿੱਚ ਹਿੱਸਾ ਲੈਣ ਲਈ ਹਲਕਾ ਦੱਖਣੀ ਦੇ ਕਾਂਗਰਸੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਉਹਨਾਂ ਕਿਹਾ ਕਿ ਭਾਰਤ ਦਾ ਭਵਿੱਖ ਰਾਹੁਲ ਗਾਂਧੀ ਦੀ ਸੋਚ, ਸਚਾਈ, ਸਪਸ਼ਟਤਾ ਅਤੇ ਦੇਸ਼ ਸੇਵਾ ਪ੍ਰਤੀ ਦ੍ਰਿੜ੍ਹਤਾ ਇੱਕ ਦਿਨ ਰੰਗ ਲਿਆਏਗੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਜੋ ਅਮਰੀਕਾ ਨਾਲ ਵਿਉਪਾਰਿਕ ਸਮਝੌਤਾ ਕਰ ਰਹੀ ਹੈ, ਜਿਸ ਨਾਲ ਖੇਤੀ ਅਤੇ ਟੈਕਸਟਾਈਲ ਵਿੱਚ ਭਾਰਤ ਦੇ ਲੋਕਾਂ ਦਾ ਵੱਡਾ ਨੁਕਸਾਨ ਹੋਵੇਗਾ। ਉਹਨਾਂ ਕਿਹਾ ਕਿ ਭਾਜਪਾ ਵਿੱਚ ਕਾਂਗਰਸ ਪਾਰਟੀ ਛੱਡ ਕੇ ਗਏ ਕਈ ਨੇਤਾ ਰਾਜ ਸਭਾ ਦੀ ਸੀਟ ਹਾਸਿਲ ਕਰਨ ਲਈ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਭਾਜਪਾ ਨੇਤਾਵਾਂ ਦੇ ਕਸੀਦੇ ਪੜ੍ਹ ਰਹੇ ਹਨ ਜੋ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਹੈ। ਉਹਨਾਂ ਕਿਹਾ ਕਿ ਮਨਰੇਗਾ ਕਿਰਤੀਆਂ ਪ੍ਰਤੀ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ ਸੱਚੀ ਸੁੱਚੀ ਭਾਵਨਾ ਦੀ ਤਰਜਮਾਨੀ ਕਰਦੀ ਹੈ। ਉਹਨਾਂ ਕਿਹਾ ਕਿ ਬਰਨਾਲਾ ਰੈਲੀ ਦੀ ਕਾਮਯਾਬੀ ਲਈ ਰਾਜਾ ਵੜਿੰਗ ਪ੍ਰਧਾਨ ਪ੍ਰਦੇਸ਼ ਕਾਂਗਰਸ ਸਮੁੱਚੇ ਕਾਂਗਰਸ ਵਰਕਰਾਂ ਨੂੰ ਲਾਮਬੰਦ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ ਜਦਕਿ ਅੰਮ੍ਰਿਤਾ ਵੜਿੰਗ ਵੀ ਲੁਧਿਆਣਾ ਵਿੱਚ ਮੀਟਿੰਗਾਂ ਕਰ ਰਹੀ ਹੈ। ਇਸ ਸਮੇਂ ਮਮਤਾ ਰਾਣੀ, ਸ਼ਰਨਜੀਤ ਵਰਮਾ, ਲਲਿਤਾ ਦੇਵੀ, ਕਿਰਨ ਕਪੂਰ, ਵੀਨਾ ਰਾਣੀ, ਰੇਖਾ ਰਾਣੀ, ਨਿਮਰਤਾ, ਜਸਵਿੰਦਰ ਕੌਰ, ਪ੍ਰਵੇਸ਼ ਕੁਮਾਰ, ਮੁਕੇਸ਼ ਕੁਮਾਰ, ਪੁਸ਼ਪਾ ਦੇਵੀ, ਸੰਗੀਤਾ ਬਾਂਸਲ, ਸੁਦੇਸ਼ ਤਿਆਗੀ, ਰੇਨੂੰ, ਰਿੰਕਾ, ਦਿਲਾਵਰ ਸਿੰਘ, ਪ੍ਰਿੰਸ, ਅਵਰੀਨ ਕੌਰ ਆਦਿ ਹਾਜ਼ਰ ਸਨ।

# ਡਾ: ਕੋਟਨਿਸ ਚੈਰੀਟੇਬਲ ਹਸਪਤਾਲ ਵੱਲੋਂ ਐਕਿਊਪੰਕਚਰ ਅਤੇ ਡੈਂਟਲ ਕੈਂਪ ਭਲਕੇ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾ: ਕੋਟਨਿਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਵੱਲੋਂ ਰਾਸ਼ਟਰੀ ਐਕਿਊਪੰਕਚਰ ਦਿਵਸ ਦੇ ਸੰਬੰਧ ਵਿੱਚ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਅਤੇ ਭਾਰਤ ਵਿੱਚ ਐਕਿਊਪੰਕਚਰ ਦੇ ਸੰਸਥਾਪਕ ਡਾ: ਵਿਜੈ ਕੁਮਾਰ ਬਾਸੂ ਨੂੰ ਸਮਰਪਿਤ 28 ਫ਼ਰਵਰੀ ਅਤੇ 1 ਮਾਰਚ 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਦੋ ਰੋਜ਼ਾ ਫ੍ਰੀ ਐਕਿਊਪੰਕਚਰ ਅਤੇ ਡੈਂਟਲ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿਸ਼ੇਸ਼ ਮੌਕੇ 'ਤੇ ਆਸਟ੍ਰੇਲੀਆ ਤੋਂ ਪਹੁੰਚੇ ਐਕਿਊਪੰਕਚਰ ਮਾਹਿਰ ਡਾ: ਤਿਲਕ ਰਾਜ ਕਲਰਾ, ਡਾ: ਇੰਦਰਜੀਤ ਸਿੰਘ (ਡਾਇਰੈਕਟਰ ਡਾ: ਕੋਟਨਿਸ ਹਸਪਤਾਲ), ਡੈਂਟਲ ਮਾਹਿਰ ਡਾ: ਸੁਨੀਲ ਸ਼ਰਮਾ ਅਤੇ ਸੀਨੀਅਰ ਚਿਕਿਤਸਕ ਡਾ: ਰਘੁਵੀਰ ਸਿੰਘ ਅਤੇ ਡਾ: ਬਲਜਿੰਦਰ ਸਿੰਘ ਆਪਣੀਆਂ ਮਾਹਿਰ ਸੇਵਾਵਾਂ ਪ੍ਰਦਾਨ ਕਰਨਗੇ। ਬਿਨਾਂ ਦਵਾਈ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਦੀ ਇਲਾਜ ਪੱਧਤੀ ਰਾਹੀਂ ਡਾਇਬਿਟੀਜ਼ (ਸ਼ੂਗਰ) ਨਾਲ ਸੰਬੰਧਿਤ ਸਮੱਸਿਆਵਾਂ, ਨਸਾਂ ਵਿੱਚ ਖਿਚਾਵ, ਨਿਊਰੋਪੈਥੀ, ਅੱਖਾਂ ਦੀ ਕਮਜ਼ੋਰੀ, ਕਮਰ ਦਰਦ, ਸਰਵਾਈਕਲ, ਸਪੋਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਿਆਂ ਦਾ ਦਰਦ, ਮਾਈਗ੍ਰੇਨ, ਬੇਨੀਂਦੀ, ਮਾਨਸਿਕ ਤਣਾਅ, ਲੱਕਵਾ, ਅਧਰੰਗ, ਪੁਰਾਣਾ ਜ਼ੁਕਾਮ, ਖੇਡ ਚੋਟਾਂ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਨਾਲ ਹੀ ਦੰਦ ਦਰਦ, ਕੀੜਾ ਲੱਗਣਾ, ਮਸੂੜਿਆਂ ਦੀ ਸੁੱਜਣ, ਮੂੰਹ ਤੋਂ ਬਦਬੂ ਅਤੇ ਡੈਂਟਲ ਸਕੇਲਿੰਗ ਅਤੇ ਜਾਂਚ ਦੀ ਸੁਵਿਧਾ ਵੀ ਫ੍ਰੀ ਉਪਲਬਧ ਰਹੇਗੀ।



# ਅੱਪਰਾ-ਮੁਕੰਦਪੁਰ ਰੋਡ ਪਿੰਡ ਤੂਰਾਂ ਵਿਖੇ ਹੋਲਾ ਮਹੱਲਾ ਲੰਗਰ 2, 3, 4 ਤੇ 5 ਮਾਰਚ ਨੂੰ

**ਫਿਲੌਰ/ਅੱਪਰਾ, (ਦੀਪਾ)**-ਹੋਲਾ ਮਹੱਲਾ ਵੈੱਲਫੇਅਰ ਕਮੇਟੀ (ਰਜ਼ਿ.), ਸਮੂਹ ਇਲਾਕਾ ਨਿਵਾਸੀ ਤੇ ਐੱਨ. ਆਰ. ਆਈ ਵੀਰਾਂ ਦੇ ਸਹਿਯੋਗ ਨਾਲ ਸ੍ਰੀ ਆਖੰਡ ਪਾਠ ਸਾਹਿਬ ਤੇ ਹੋਲਾ ਮਹੱਲਾ ਲੰਗਰ ਮਿਤੀ 2, 3, 4 ਤੇ 5 ਮਾਰਚ ਦਿਨ ਸੋਮਵਾਰ, ਮੰਗਲਵਾਰ, ਬੁੱਧਵਾਰ ਤੇ ਵੀਰਵਾਰ ਨੂੰ ਅੱਪਰਾ-ਮੁਕੰਦਪੁਰ ਰੋਡ ਪਿੰਡ ਤੂਰਾਂ ਨੇੜੇ ਪੈਟਰੋਲ ਪੰਪ ਵਿਖੇ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਲਗਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮੂਹ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਦੱਸਿਆ ਕਿ ਇਸ ਮੌਕੇ ਮਿਤੀ 2 ਮਾਰਚ ਦਿਨ ਸੋਮਵਾਰ ਸਵੇਰੇ 10-30 ਵਜੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਆਰੰਭ ਕੀਤੇ ਜਾਵੇਗਾ । ਜਾਣਗੇ । ਮਿਤੀ 4 ਮਾਰਚ ਦਿਨ ਵੀਰਵਾਰ ਨੂੰ ਸਰ੍ਹੀ ਆਖੰਡ ਪਾਠ ਸਾਹਿਬ ਦੇ ਭੋਗ 10 ਵਜੇ ਪਾਏ ਜਾਣਗੇ ਤੇ 11-30 ਵਜੇ ਕੀਰਤਨ ਹੋਵੇਗਾ । ਚਾਰੇ ਦਿਨ ਚਾਹ-ਪਕੌੜੇ ਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡ ਅਟਾਲ ਮਜਾਰਾ ਵਿਖੇ 63.97 ਲੱਖ ਦੀ ਲਾਗਤ ਵਾਲੇ ਟਿਊਬਵੈੱਲ ਅਤੇ ਟੈਂਕੀ ਦਾ ਉਦਘਾਟਨ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ ਨੂੰ ਬੁਨਿਆਦੀ ਸਹੂਲਤਾਂ ਪਹੁੰਚਾਉਣ ਲਈ ਵਚਨਬੱਧ ਹੈ। ਇਸੇ ਲੜੀ ਤਹਿਤ ਹਲਕਾ ਬਲਾਚੌਰ ਦੀ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਵੱਲੋਂ ਅੱਜ ਪਿੰਡ ਅਟਾਲ ਮਜਾਰਾ ਵਿਖੇ 63.97 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਨਵੇਂ ਟਿਊਬਵੈੱਲ ਅਤੇ ਪਾਣੀ ਵਾਲੀ ਟੈਂਕੀ ਦਾ ਉਦਘਾਟਨ ਕਰਕੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਸਖ਼ਤ ਹਦਾਇਤਾਂ ਹਨ ਕਿ ਸੂਬੇ ਦਾ ਕੋਈ ਵੀ ਪਿੰਡ ਪੀਣ ਵਾਲੇ ਸਾਫ਼ ਪਾਣੀ ਅਤੇ ਸਿੰਜਾਈ ਦੀ ਸੁਵਿਧਾ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਇਸ ਨਵੇਂ ਟਿਊਬਵੈੱਲ ਨਾਲ ਪਿੰਡ ਦੇ ਹਰ ਘਰ ਤੱਕ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣੇਗੀ।



ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਵੀ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗੱਲਾਂ ਵਿੱਚ ਨਹੀਂ ਸਗੋਂ ਕੰਮਾਂ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਅੱਗੇ ਕਿਹਾ ਪਿਛਲੀਆਂ ਸਰਕਾਰਾਂ ਨੇ ਪਛੜੇ ਇਲਾਕਿਆਂ ਦੀ ਸਾਰ ਨਹੀਂ ਲਈ ਪਰ ਅੱਜ ਬਲਾਚੌਰ ਹਲਕੇ ਦੇ ਹਰ ਪਿੰਡ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ।ਪੀਣ ਵਾਲੇ ਪਾਣੀ ਦੀ ਇਹ ਸਹੂਲਤ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ, ਜਿਸ ਨੂੰ ਅੱਜ ਪੂਰਾ ਕੀਤਾ ਗਿਆ ਹੈ।ਆਉਣ ਵਾਲੇ ਸਮੇਂ ਵਿੱਚ ਹਲਕੇ ਦੇ ਹੋਰਨਾਂ ਪਿੰਡਾਂ ਦੀਆਂ ਮੁਸ਼ਕਿਲਾਂ ਨੂੰ ਵੀ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਜਿਲਾ ਪ੍ਰਧਾਨ ਸਤਨਾਮ ਜਲਾਲਪੁਰ , ਸਿਮਰਨਜੀਤ ਸਿੰਘ ਕਾਰਜਕਾਰੀ ਇੰਜੀਨੀਅਰ, ਮਨਜੀਤ ਸਿੰਘ ਉਪ ਮੰਡਲ ਇੰਜੀਨੀਅਰ, ਸਰਪੰਚ ਕੁਲਵਿੰਦਰ ਕੌਰ,ਹਰਪ੍ਰੀਤ ਕੋਰ ਪੰਚ, ਆਸ਼ਾ ਰਾਣੀ ਪੰਚ, ਕੁਲਵਿੰਦਰ ਕੌਰ ਪੰਚ, ਬਹਾਦਰ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਹਰਬੰਸ ਸਿੰਘ ਕਾਨੂੰਗੋ, ਗੁਰਮੁਖ ਸਿੰਘ ਅਟਵਾਲ, ਪਿਆਰਾ ਸਿੰਘ ਬੈਂਸ, ਸ਼ਿੰਗਾਰਾ ਸਿੰਘ, ਗੁਰਨਾਮ ਸਿੰਘ, ਸੁਰਜੀਤ ਸਿੰਘ ਨੰਬਰਦਾਰ, ਬਖਸ਼ੀ ਰਾਮ, ਸਾਰੋ, ਸਤਪਾਲ, ਜਰਨੈਲ ਸਿੰਘ ਜੈਲੀਠ ਜਸਪਾਲ ਸਿੰਘ ਮਾਣੀ, ਗੋਪਾਲ ਕ੍ਰਿਸ਼ਨ, ਨਰੇਸ਼ ਕੋਛੜ, ਕੁਲਦੀਪ ਸਿੰਘ ਕੀਪਾ, ਮਨਜਿੰਦਰ ਸਿੰਘ ਅਤੇ ਪਿੰਡ ਦੀ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਅਤੇ ਵਿਧਾਇਕਾ ਕਟਾਰੀਆ ਦਾ ਧੰਨਵਾਦ ਕੀਤਾ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਬੰਧੀ ਹੁਣ ਜ਼ਿਲ੍ਹੇ ਦੇ ਸੇਵਾ ਕੇਂਦਰਾਂ 'ਚ ਵੀ ਬਣਨਗੇ ਕਾਰਡ - ਡਿਪਟੀ ਕਮਿਸ਼ਨਰ

## ਲੋਕਾਂ ਨੂੰ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ

**ਸ਼ਹੀਦ ਭਗਤ ਸਿੰਘ ਨਗਰ (ਜਤਿੰਦਰ ਪਾਲ ਸਿੰਘ ਕਲੇਰ)** ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ 10 ਲੱਖ ਰੁਪਏ ਤੱਕ ਦੇ ਇਲਾਜ ਲਈ ਦਿੱਤੀ ਗਈ ਸਹੂਲਤ ਸਬੰਧੀ ਸੀ.ਐਚ.ਸੀ.ਸੈਂਟਰ ਵਿਖੇ ਸਿਹਤ ਬੀਮਾ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੁਣ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਨਵਾਂ ਸ਼ਹਿਰ ਦੇ ਸੇਵਾ ਕੇਂਦਰ ਤੋਂ ਇਲਾਵਾ ਉਪ ਮੰਡਲ ਮੈਜਿਸਟਰੇਟ ਬਲਾਚੌਰ ਦੇ ਦਫ਼ਤਰ ਵਿਖੇ ਸਥਿਤ ਸੇਵਾ ਕੇਂਦਰ ਅਤੇ ਉਪ ਮੰਡਲ ਮੈਜਿਸਟਰੇਟ ਬੰਗਾ ਦੇ ਦਫ਼ਤਰ ਵਿਖੇ ਸਥਿਤ ਸੇਵਾ ਕੇਂਦਰਾਂ ਵਿੱਚ ਵੀ ਇਹ ਸਿਹਤ ਬੀਮਾ ਕਾਰਡ ਬਣਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਲ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸਿਹਤ ਬੀਮਾ ਯੋਜਨਾ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਲਈ ਦ੍ਰਿੜ ਵਚਨਬੱਧ ਹੈ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹਨਾਂ ਦੀ ਸਹੂਲਤ ਲਈ ਪ੍ਰਸ਼ਾਸਨ ਦੁਆਰਾ ਸੇਵਾ ਕੇਂਦਰਾਂ ਵਿੱਚ ਸਿਹਤ ਬੀਮਾ ਕਾਰਡ ਬਣਾਉਣ ਲਈ ਸ਼ੁਰੂ ਕੀਤੀ ਗਈ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।



# ਪਿੰਡ ਕਾਹਮਾ ਵਾਸੀਆਂ ਅਤੇ ਐਨ. ਆਰ. ਆਈ ਭਰਾਵਾਂ ਦੇ ਸਹਿਯੋਗ ਨਾਲ ਪਿੰਡ ਲਈ ਸ਼ਵ ਵਾਹਨ ਗੱਡੀ ਸੇਵਾ ਕੀਤੀ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਕਾਹਮਾ ਜਿਸ ਦੇ ਵਿੱਚ ਵਿਲਜ਼ ਯੂਥ ਕਲੱਬ ਕਾਹਮਾ ਦੇ ਵੱਡੇ ਉਦਮਾਂ ਦੇ ਸਦਕਾ ਸਰਪਰਸ ਹਰਦੇਵ ਸਿੰਘ ਕਾਹਮਾ ਮੁੱਖ ਪ੍ਰਬੰਧਕ ਸਤਨਾਮ ਸਿੰਘ ,ਪ੍ਰਧਾਨ ਗੁਰਨਾਮ ਸਿੰਘ ਅਤੇ ਪੂਰੇ ਕਲੱਬ ਦੇ ਮੈਂਬਰਾਂ ਦੇ ਉੱਦਮ ਸਦਕਾ ਅਤੇ ਐਨ.ਆਰ.ਆਈ ਭਰਾਵਾਂ ਦੇ ਸਹਿਯੋਗ ਦੇ ਨਾਲ ਪਿੰਡ ਕਾਹਮੇ ਦੇ ਲਈ ਛਵ ਵਾਹਨ ਖਰੀਦਿਆ ਗਿਆ ਜਿਸ ਦੀਆਂ ਵੱਡੀਆਂ ਸੇਵਾਵਾਂ ਪਿੰਡ ਵਾਸੀਆਂ ਅਤੇ ਐਨ.ਆਰ.ਆਈ ਭਰਾਵਾਂ ਨੇ ਰਲ ਕੇ ਕੀਤੀਆਂ ਸਤਨਾਮ ਸਿੰਘ ਨੇ ਦੱਸਿਆ ਕਿ ਇਹ ਛਵ ਵਾਹਨ ਪਿੰਡ ਦੇ ਲਈ ਹੀ ਵਰਤਿਆ ਜਾਵੇਗਾ ਜਿਸ ਦਾ ਕਿਸ ਦੇ ਕੋਲੋਂ ਕੋਈ ਵੀ ਪੈਸਾ ਨਹੀਂ ਲਿਆ ਜਾਵੇਗਾ ਜੇ ਕੋਈ ਵਿਅਕਤੀ ਆਪਣੇ ਮਰਜੀ ਨਾਲ ਸੇਵਾ ਕਰਨੀ ਚਾਹੁੰਦਾ ਹੈ ਤਾਂ ਉਸ ਦੀ ਬਕਾਇਦਾ ਪਰਚੀ ਕੱਟ ਕੇ ਉਸ ਨੂੰ ਦੇ ਦਿੱਤੀ ਜਾਵੇਗੀ ਇਸ ਦੇ ਵਿੱਚ ਦਾਨੀਆਂ ਸੱਜਣਾ ਦੇ ਨਾਮ ਇਸ ਤਰ੍ਹਾਂ ਹਨ ਜਿਨਾਂ ਨੇ ਸਹਿਯੋਗ ਦਿੱਤਾ ਸ਼ਮਸ਼ਾਨ ਭੂਮੀ ਸੁਧਾਰ ਕਮੇਟੀ, ਕਾਹਮਾ ਕਨੇਡਾ ਐਸੋਸੀਏਸ਼ਨ, ਹਰਦੇਵ ਸਿੰਘ ਕਾਹਮਾ, ਠੇਕੇਦਾਰ ਹਰਪਾਲ ਸਿੰਘ ਕਾਹਮਾ,ਮੰਗਤ ਸਿੰਘ ਕਨੇਡਾ, ਸ਼੍ਰੀਮਤੀ ਹਰਭਜਨ ਕੌਰ ਪਤਨੀ ਮਹਿੰਦਰ ਸਿੰਘ ਸੋਡੇ ਵਾਲੇ, ਸੁਖਦੇਵ ਸਿੰਘ ਬਾਰੀ, ਇੰਦਰਜੀਤ ਸਿੰਘ,ਬਲਵਿੰਦਰ ਸਿੰਘ ਬੱਲੀ, ਅਰਸ਼ਪਾਲ ਸਿੰਘ ਕਨੇਡਾ ਪੁੱਤਰ ਸਤਨਾਮ ਸਿੰਘ ਕਾਹਮਾ, ਅਜਮੇਰ ਸਿੰਘ ਗੁੱਡੂ; ਗੁਰਸ਼ਰਨ ਸਿੰਘ ਕਨੇਡਾ ਛੰਨਾ ,ਅਵਤਾਰ ਸਿੰਘ ਕਾਲਾ ਦੋਆਬਾ ਜੇ ਸੀ ਬੀ, ਗੁਦਾਵਰ ਸਿੰਘ ਮੈਂਬਰ ਬਲਾਕ ਸੰਮਤੀ, ਇਕਬਾਲ ਸਿੰਘ ਉਸਮਾਨਪੁਰੀ, ਮਨਪ੍ਰੀਤ ਸਿੰਘ ਜਰਮਨੀ ਜਰਨੈਲ ਸਿੰਘ ਸਾਬਕਾ ਪੰਚ , ਤਰਸੇਮ ਸਿੰਘ ਸਾਬਕਾ ਪੰਚ ਪਰਿਵਾਰ ਵੱਲੋਂ, ਕੁਲਵਿੰਦਰ ਲਾਲ ਜਰਮਨੀ, ਰਣਜੀਤ ਸਿੰਘ ਪੁੱਤਰ ਸੰਤੋਖ ਸਿੰਘ, ਬਲਵੀਰ ਸਿੰਘ ਫੋਰਮੈਨ, ਮਾਸਟਰ ਸ਼੍ਰੀ ਕੁਲਵਿੰਦਰ ਲਾਲ, ਜਗਵਿੰਦਰ ਸਿੰਘ ਪੁੱਤਰ ਥੰਮਣ ਸਿੰਘ, ਕਸ਼ਮੀਰ ਸਿੰਘ ਪੰਚ, ਠੇਕੇਦਾਰ ਮਨਜੀਤ ਸਿੰਘ ਪੁਤਰ ਬਲਦੇਵ ਸਿੰਘ, ਕੁਲਵਿੰਦਰ ਸਿੰਘ ਲੇਹਲ ਕਨੇਡਾ, ਠੇਕੇਦਾਰ ਸ਼੍ਰੀ ਰਾਮ ਪ੍ਰਕਾਸ਼ ਸਾਬਕਾ ਪੰਚ, ਬਲਵਿੰਦਰ ਸਿੰਘ ਗੋਗਾ ਹਲਵਾਈ, ਮਨਜੀਤ ਸਿੰਘ ਪੇਟਰ ਸ਼੍ਰੀ ਗੁਰਮੇਲ ਰਾਮ, ਹੈਪੀ ਯੂ ਏ.ਈ,ਅਜੀਤ ਸਿੰਘ ਸੁੰਘੜਾ ਦੇ, ਜੋਗਿੰਦਰ ਸਿੰਘ ਦਾੜੂ ਦੇ,ਸਾਧੂ ਸਿੰਘ ਜੈਲਦਾਰ,ਸਮੂਹ ਕਮੇਟੀ ਵਿਲਜ਼ ਯੂਥ ਕਲੱਬ ਕਾਹਮਾ ਨੇ ਧੰਨਵਾਦ ਕੀਤਾ।



# ਬੇਸਹਾਰਾ ਗਾਂ ਅਤੇ ਕਾਰ ਨਾਲ ਟੱਕਰ, ਬੇਸਹਾਰਾ ਗਾਂ ਗੰਭੀਰ ਜਖਮੀ, ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ , ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਰੈਲਮਾਜਰਾ ਟੋਪਾਨ ਫੈਕਟਰੀ ਦੇ ਸਾਹਮਣੇ ਬੇਸਹਾਰਾ ਗਾਂ ਕਾਰ ਨਾਲ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਰੈਲਮਾਜਰਾ ਨੇੜੇ ਟੋਪਾਨ ਫੈਕਟਰੀ ਦੇ ਸਾਹਮਣੇ ਐਕਸੀਡੈਂਟ ਹੋ ਗਿਆ ਹੈ। ਉਨ੍ਹਾਂ ਨੇ ਤਰੁੰਤ ਜਾ ਕੇ ਦੇਖਿਆ ਕਿ ਇੱਕ ਆਟਿਕਾ ਕਾਰ ਜਿਸ ਦਾ ਨੰਬਰ ਪੀ ਬੀ 01ਡੀ 8023ਜਿਸ ਨੂੰ ਰਵੀ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਸਾਹਨੇਵਾਲ



ਲੁਧਿਆਣਾ ਚਲਾ ਰਿਹਾ ਸੀ ।ਇਹ ਕਾਰ ਰੋਪੜ੍ਹ ਤੋਂ ਬਲਾਚੌਰ ਸਾਈਡ ਜਾ ਰਹੀ ਸੀ ਜਦੋਂ ਇਹ ਕਾਰ ਉਪਰੋਕਤ ਸਥਾਨ ਤੇ ਪਹੁੰਚੀ ਤਾਂ ਇਸ ਦੇ ਸਾਹਮਣੇ ਇੱਕ ਬੇਸਹਾਰਾ ਗਾਂ ਆ ਗਈ ਜਿਸ ਨੂੰ ਬਚਾਉਣ ਲਈ ਡਰਾਈਵਰ ਨੇ ਬ੍ਰੇਕ ਮਾਰੀ ਪਰ ਕਾਰ ਗਾਂ ਵਿੱਚ ਜਾ ਵੱਜੀ ਜਿਸ ਨਾਲ ਗਾਂ ਗੰਭੀਰ ਜਖਮੀ ਹੋ ਗਈ ਅਤੇ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ।ਐਸ ਐਸ ਐਫ ਦੀ ਟੀਮ ਵਲੋਂ ਜਖਮੀ ਗਾਂ ਨੂੰ ਰਾਹਗੀਰਾਂ ਦੀ ਮਦਦ ਨਾਲ ਸਾਇਡ ਤੇ ਕਰਵਾਇਆ ਅਤੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਇਸ ਹਾਦਸੇ ਸਬੰਧੀ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਥਾਣਾ ਕਾਠਗੜ੍ਹ ਨੂੰ ਸੂਚਿਤ ਕਰ ਦਿੱਤਾ ਗਿਆ ।

# ਸਰਬਸੰਮਤੀ ਨਾਲ ਚੁਣੀਆਂ 32 ਪੰਚਾਇਤਾਂ ਨੂੰ ਪੰਜਾਬ ਸਰਕਾਰ ਵੱਲੋਂ 1.60 ਕਰੋੜ ਰੁਪਏ ਦੀ ਗ੍ਰਾਂਟ ਜਾਰੀ

## ਲਲਿਤ ਮੋਹਨ ਪਾਠਕ (ਬੱਲੂ) ਨੇ 32 ਪੰਚਾਇਤਾਂ ਨੂੰ ਸੌਂਪੇ 5-5 ਲੱਖ ਰੁਪਏ ਦੇ ਚੈੱਕ



**ਨਵਾਂਸ਼ਹਿਰ (ਮਨੋਰੰਜਨ ਕਾਲੀਆ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿਚ ਭਾਈਚਾਰਕ ਸਾਂਝ ਅਤੇ ਏਕਤਾ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ (ਵਾਈਸ ਚੇਅਰਮੈਨ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ) ਲਲਿਤ ਮੋਹਨ ਪਾਠਕ (ਬੱਲੂ) ਵੱਲੋਂ ਹਲਕੇ ‘ਚ ਸਰਬਸੰਮਤੀ ਨਾਲ ਚੁਣੀਆਂ ਗਈਆਂ 32 ਗ੍ਰਾਮ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਉਤਸ਼ਾਹਤ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਹਲਕੇ ਦੀਆਂ ਸਰਬਸੰਮਤੀ ਨਾਲ ਚੁਣੀਆਂ 32 ਪੰਚਾਇਤਾਂ ਨੂੰ ਪੰਜਾਬ ਸਰਕਾਰ ਵੱਲੋਂ ਕੁੱਲ 1.60 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਗੱਲਬਾਤ ਕਰਦਿਆਂ ਲਲਿਤ ਮੋਹਨ ਪਾਠਕ (ਬੱਲੂ) ਨੇ ਕਿਹਾ ਕਿ ਮਾਨ ਸਰਕਾਰ ਜੋ ਕਹਿੰਦੀ ਹੈ, ਉਹ ਕਰਕੇ ਵਿਖਾਉਂਦੀ ਹੈ। ਪੰਚਾਇਤੀ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਐਲਾਨ ਕੀਤਾ ਸੀ ਕਿ ਪਿੰਡਾਂ ਵਿੱਚੋਂ ਧੜੇਬੰਦੀ ਖ਼ਤਮ ਕਰਨ ਅਤੇ ਇਕਜੁੱਟਤਾ ਵਧਾਉਣ ਲਈ ਜਿਹੜੇ ਪਿੰਡ ਸਰਬਸੰਮਤੀ ਨਾਲ ਪੰਚਾਇਤਾਂ ਚੁਣਨਗੇ, ਉਨ੍ਹਾਂ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇਗੀ। ਇਸੇ ਵਾਅਦੇ ਨੂੰ ਪੂਰਾ ਕਰਦਿਆਂ 32 ਪਿੰਡਾਂ ਨੂੰ ਇਹ ਰਾਸ਼ੀ ਸੌਂਪੀ ਗਈ ਹੈ, ਤਾਂ ਜੋ ਪਿੰਡਾਂ ਦੇ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਂਦੀ ਜਾ ਸਕੇ। ਜਿਨ੍ਹਾਂ ਪੰਚਾਇਤਾਂ ਨੂੰ ਚੈੱਕ ਸੌਂਪੇ ਗਏ, ਉਨ੍ਹਾਂ ‘ਚ ਆਲੋਵਾਲ, ਅਮਰਗੜ੍ਹ, ਭਗੋਰਾ, ਬੜਵਾ, ਭਾਨ ਮਜਾਰਾ, ਚਾਹੜ ਮਜਾਰਾ, ਚੱਕ ਇਲਾਹੀ ਬਖਸ਼, ਧੈਂਗੜਪੁਰ, ਹੁਸੈਨਪੁਰ, ਜਲਵਾਹਾ, ਕਿਸ਼ਨਪੁਰ, ਕੋਟ ਪੱਤੀ, ਮਹੱਦੀਪੁਰ ਕਲਾਂ, ਮਝੂਰ, ਮਲਕਪੁਰ, ਮਜਾਰਾ ਕਲਾਂ, ਨਾਈ ਮਜਾਰਾ, ਨੰਗਲ ਛਾਂਗਾ, ਪੱਲੀ ਉੱਚੀ, ਰਕਾਸਨ ਰਾਮਗੜ, ਤਾਜੋਵਾਲ, ਊਧੋਵਾਲ, ਉਸਮਾਨ-ਪੁਰ, ਉਟਾਲ, ਚੱਕਦਾਣਾ, ਨੰਗਲ ਜੱਟਾਂ, ਕੰਗ, ਦੂਧਾਲਾ, ਭਾਰਟਾ ਕਲਾਂ, ਬੈਰਸਾਲ, ਲਾਲੇਵਾਲ ਸ਼ਾਮਲ ਸਨ।

ਪਿੰਡ ਵਾਸੀਆਂ ਨੇ ਸਰਕਾਰ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਪਿੰਡਾਂ ਵਿੱਚ ਸਦਭਾਵਨਾ ਦਾ ਮਾਹੌਲ ਬਣੇਗਾ ਅਤੇ ਚੋਣਾਂ ਦੌਰਾਨ ਪੈਦਾ ਹੋਣ ਵਾਲੀ ਆਪਸੀ ਖਿੱਚੋਤਾਣ ਵੀ ਖ਼ਤਮ ਹੋਵੇਗੀ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋਤਰੀ, ਮਨਦੀਪ ਅਟਵਾਲ, ਤਜਿੰਦਰਪਾਲ ਤੇਜਾ, ਵਿਨੋਦ ਕੁਮਾਰ, ਕਰਨ ਦੱਤ, ਪਾਰਟੀ ਦੇ ਅਹੁਦੇਦਾਰ, ਵਰਕਰ ਤੇ ਪਿੰਡਾਂ ਦੇ ਲੋਕ ਹਾਜ਼ਰ ਸਨ।

# ਐਸ.ਸੀ ਸਿਖਿਆਰਥੀਆਂ ਲਈ ਡੇਅਰੀ ਸਿਖਲਾਈ ਕੋਰਸ 02 ਮਾਰਚ ਤੋਂ

**ਨਵਾਂ ਸ਼ਹਿਰ (ਮਨੋਰੰਜਨ ਕਾਲੀਆ)** ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ,ਪੰਜਾਬ ਸ: ਵਰਿਆਮ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡੇਅਰੀ ਵਿਕਾਸ ਵਿਭਾਗ,ਪੰਜਾਬ ਵਲੋਂ ਐਸ.ਸੀ ਉਮੀਦਵਾਰਾਂ ਲਈ 2 ਹਫ਼ਤੇ ਮੁਫ਼ਤ ਡੇਅਰੀ ਸਿਖਲਾਈ ਕੋਰਸ ਮਿਤੀ: 02 ਮਾਰਚ ਤੋਂ ਡੇਅਰੀ ਸਿਖਲਾਈ ਕੇਂਦਰ,ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ. ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਵਿੱਚ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ ਰਖਾਅ,ਖਾਧ ਖੁਰਾਕ,ਨਸਲ ਸੁਧਾਰ,ਸਾਂਭ ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਸੰਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ (ਮਰਦ/ਔਰਤ) ਜਿਨ੍ਹਾ ਦੀ ਉਮਰ 18 ਤੋਂ 55 ਸਾਲ ਦੇ ਵਿੱਚ ਹੋਵੇ, ਪੰਜਵੀਂ ਪਾਸ ਹੋਵੇ,ਪੇਂਡੂ ਪਿਛੋਕੜ ਨਾਲ ਸੰਬੰਧ ਰੱਖਦਾ ਹੋਵੇ ਮਿਤੀ: 28 ਫਰਵਰੀ ਤੱਕ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ,ਸ਼ਹੀਦ ਭਗਤ ਸਿੰਘ ( ਪਿੰਡ ਮਹਾਲੋਂ, ਵੈਟਨਰੀ ਹਸਪਤਾਲ )ਵਿਖੇ ਆਪਣਾ ਅਧਾਰ ਕਾਰਡ,ਯੋਗਤਾ ਸਰਟੀਫਿਕੇਟ,ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਇਹ ਸਿਖਲਾਈ ਪ੍ਰਾਪਤ ਕਰਨ ਲਈ ਸਿਖਿਆਰਥੀ ਵਲੋਂ 750/-ਰੁਪਏ ਫੀਸ ਜਮ੍ਹਾਂ ਕਰਵਾਈ ਜਾਵੇਗੀ ਜੋ ਕਿ ਸਫਲਤਾਪੂਰਵਕ ਟ੍ਰੇਨਿੰਗ ਪੂਰੀ ਕਰਨ ਉਪਰੰਤ ਵਾਪਸ ਕਰ ਦਿੱਤੀ ਜਾਵੇਗੀ। ਸਿਖਲਾਈ ਪ੍ਰਾਪਤ ਉਮੀਦਵਾਰਾਂ ਨੂੰ 2,5,10 ਦੁਧਾਰੂ ਪਸ਼ੂਆਂ ਦੀ ਖਰੀਦ ਤੇ 33% ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 01823-225050,88470-75997 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹੋਲਾ ਮੁਹੱਲਾ: ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦੀ ਸੁਰੱਖਿਆ ਲਈ 5000 ਪੁਲਿਸ ਮੁਲਾਜ਼ਮ ਤਾਇਨਤਾ, 21 ਪਾਰਕਿੰਗਾਂ ਤੇ ਸ਼ਟਲ ਸੇਵਾਵਾਂ ਦੀ ਵੀ ਦਿੱਤੀ ਜਾਵੇਗੀ ਸਹੂਲਤ

**● ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਹੋਲੇ ਮੁਹੱਲੇ ਤੋਂ ਪਹਿਲਾਂ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ ● ਸਮਾਗਮ ਦੌਰਾਨ ਪੁਖ਼ਤਾ ਨਿਗਰਾਨੀ ਲਈ ਡਰੋਨ ਅਤੇ 200 ਸੀਸੀਟੀਵੀ ਕੈਮਰੇ ਤਾਇਨਾਤ : ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ● ਪੁਲਿਸ ਅਧਿਕਾਰੀਆਂ/ਮੁਲਾਜ਼ਮਾਂ ਨੂੰ ਸੰਗਤ ਨਾਲ ਨਿਮਰਤਾ ਨਾਲ ਪੇਸ਼ ਆਉਣ ਦੇ ਨਿਰਦੇਸ਼**



**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ, (ਜਤਿੰਦਰ ਪਾਲ ਸਿੰਘ ਕਲੇਰ )** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਣ ਵਾਲੇ ਪਵਿੱਤਰ ਤਿਉਹਾਰ ਹੋਲਾ ਮੁਹੱਲਾ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਦੇ ਮੱਦੇਨਜ਼ਰ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਅੱਜ ਇਸ ਧਾਰਮਿਕ ਸਮਾਗਮ ਨੂੰ ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਉਥੋਂ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ । ਜ਼ਿਕਰਯੋਗ ਹੈ ਕਿ ਤਿੰਨ ਰੋਜ਼ਾ ਸਾਲਾਨਾ ਹੋਲਾ ਮੁਹੱਲਾ 2 ਮਾਰਚ ਤੋਂ 4 ਮਾਰਚ, 2026 ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ। ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਰੂਪਨਗਰ ਰੇਂਜ ਨਾਨਕ ਸਿੰਘ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਰੂਪਨਗਰ ਮਨਿੰਦਰ ਸਿੰਘ ਨਾਲ ਇੱਕ ਤਾਲਮੇਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਨਿਰਦੇਸ਼ ਦਿੱਤੇ ਕਿ ਦੁਨੀਆ ਭਰ ਤੋਂ ਖਾਲਸੇ ਦੇ ਜਨਮ ਸਥਾਨ ’ਤੇ ਨੱਤਮਤਸਕ ਹੋਣ ਵਾਲੀਆਂ ਲੱਖਾਂ ਸੰਗਤਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਜਾਣ। ਦੱਸਣਯੋਗ ਹੈ ਕਿ ਪੂਰੇ ਖੇਤਰ ਨੂੰ ਯੋਜਨਾਬੱਧ ਢੰਗ ਨਾਲ 12 ਖੇਤਰਾਂ ਵਿੱਚ ਵੰਡਿਆ ਗਿਆ ਹੈ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਭਗ 5000 ਪੁਲਿਸ ਕਰਮੀਆਂ ਦੀ ਨਫ਼ਰੀ ਤਾਇਨਾਤ ਕੀਤੀ ਗਈ ਹੈ। ਹਵਾਈ ਨਿਗਰਾਨੀ ਅਤੇ ਭੀੜ ਦੀ ਨਿਗਰਾਨੀ ਲਈ ਛੇ ਡਰੋਨ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਦੀ ਲਾਈਵ ਫੀਡ ਦੀ ਨਿਗਰਾਨੀ ਕੇਂਦਰੀ ਕੰਟਰੋਲ ਰੂਮ ’ਤੇ ਕੀਤੀ ਜਾਵੇਗੀ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਸਾਰੇ ਸੈਕਟਰ ਇੰਚਾਰਜਾਂ ਅਤੇ ਤਾਇਨਾਤ ਪੁਲਿਸ ਫੋਰਸ ਨੂੰ ਸੰਗਤ ਨਾਲ ਬਹੁਤ ਹੀ ਨਿਮਰਤਾ ਨਾਲ ਪੇਸ਼ ਆਉਣ ਅਤੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰੀ ਲਗਨ ਅਤੇ ਦ੍ਰਿੜਤਾ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਹੋਲਾ ਮੁਹੱਲਾ ਦੇ ਸ਼ਾਂਤੀਪੂਰਨ ਅਤੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਰੂਪਨਗਰ ਪੁਲਿਸ ਵੱਲੋਂ ਕਈ ਨਵੀਆਂ ਪਹਿਲਕਦਮੀਆਂ ਲਾਗੂ ਕੀਤੀਆਂ ਗਈਆਂ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸਮਰੱਥਾ ਅਨੁਸਾਰ ਕੁੱਲ 21 ਪਾਰਕਿੰਗ ਖੇਤਰ ਨਿਰਧਾਰਤ ਕੀਤੇ ਗਏ ਹਨ ਅਤੇ ਸੰਗਤਾਂ ਦੇ ਮਾਰਗਦਰਸ਼ਨ ਲਈ ਪਾਰਕਿੰਗ ਅਤੇ ਰੂਟਾਂ ਲਈ ਇੱਕ ਕਲਰ-ਕੋਡਿੰਗ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ 100 ਈ-ਰਿਕਸ਼ਾ ਅਤੇ 50 ਮਿੰਨੀ-ਬੱਸਾਂ ਸਮੇਤ 24 ਘੰਟੇ ਸ਼ਟਲ ਸੇਵਾਵਾਂ ਪਾਰਕਿੰਗ ਖੇਤਰਾਂ ਤੇ ਉਪਲਬਧ ਰਹਿਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਸੰਗਤਾਂ ਨੂੰ ਸ਼ਟਲ ਬੱਸ ਸੇਵਾਵਾਂ, ਪਾਰਕਿੰਗ ਪੁਆਇੰਟਾਂ, ਡਾਕਟਰੀ ਸਹੂਲਤਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਦੇ ਵੇਰਵਿਆਂ ਵਿੱਚ ਮਦਦ ਕਰਨ ਲਈ ਵੱਖ-ਵੱਖ ਥਾਵਾਂ ’ਤੇ ਕਿਊਆਰ-ਕੋਡ ਅਧਾਰਤ ਜਾਣਕਾਰੀ ਪ੍ਰਣਾਲੀਆਂ ਸਥਾਪਤ ਕੀਤੀਆਂ ਗਈਆਂ ਹਨ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸ਼ਹਿਰ ਦੀਆਂ ਪਹੁੰਚ ਸੜਕਾਂ ਨੂੰ ਕਵਰ ਕਰਨ ਲਈ ਪੀਟੀਜ਼ੈਡ ਅਤੇ ਏਐਨਪੀਆਰ ਕੈਮਰੇ ਸਮੇਤ ਲਗਭਗ 200 ਸੀਸੀਟੀਵੀ ਕੈਮਰੇ ਲਗਾਏ ਗਏ ਹਨ ਤਾਂ ਜੋ ਟ੍ਰੈਫਿਕ ਦੀ ਆਮਦ ਬਾਰੇ ਅਸਲ-ਸਮੇਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਇਸ ਦੇ ਨਾਲ ਹੀ ਪੁਲਿਸ ਸਟੇਸ਼ਨ ਆਨੰਦਪੁਰ ਸਾਹਿਬ ਵਿਖੇ ਸੀਸੀਟੀਵੀ ਕੰਟਰੋਲ ਰੂਮ ਰਾਹੀਂ 24 ਘੰਟੇ ਲਾਈਵ ਨਿਗਰਾਨੀ ਵੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪਹਿਲੀ ਵਾਰ ਚਰਨ ਗੰਗਾ ਸਟੇਡੀਅਮ ਵਿਖੇ ਪ੍ਰਭਾਵਸ਼ਾਲੀ ਭੀੜ ਪ੍ਰਬੰਧਨ ਲਈ ਤਿੰਨ-ਪਰਤੀ ਬੈਰੀਕੇਡਿੰਗ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਹੋਲਾ ਮੁਹੱਲਾ ਦਾ ਤਿਉਹਾਰ ਸਿੱਖ ਭਾਈਚਾਰੇ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ, ਜਿਸ ਵਿੱਚ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਦੀ ਵੱਡੀ ਸ਼ਮੂਲੀਅਤ ਹੁੰਦੀ ਹੈ।

# ਛੋਕਰਾਂ ਵਿਖੇ ਅੱਖਾਂ ਦਾ ਫਰੀ ਚੈੱਕ-ਅੱਪ ਕੈਂਪ 8 ਮਾਰਚ ਨੂੰ

**ਫਿਲੌਰ/ਅੱਪਰਾ (ਦੀਪਾ)**-ਕਰੀਬੀ ਪਿੰਡ ਛੋਕਰਾਂ ਵਿਖੇ ਗੁਰੂਦੁਆਰਾ ਗੁਰੂ ਨਾਨਕ ਸਿੰਘ ਸਭਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀ ਪਿੰਡ ਛੋਕਰਾਂ ਤੇ ਤੂਰਾਂ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈੱਕ-ਅੱਪ ਕੈਂਪ ਮਿਤੀ 8 ਮਾਰਚ ਦਿਨ ਐਤਵਾਰ ਨੂੰ ਗੁਰੂਦੁਆਰਾ ਗੁਰੂ ਨਾਨਕ ਸਿੰਘ ਸਭਾ ਪਿੰਡ ਛੋਕਰਾਂ ਵਿਖੇ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਲਗਾਇਆ ਜਾ ਰਿਹਾ ਹੈ । ਇਸ ਮੌਕੇ ਡਾ. ਜੋਰਾਵਰ ਸਿੰਘ ਭੱਟੀ ਤੇ ਡਾ. ਜਗਤਾਰ ਸਿੰਘ ਭੱਟੀ ਤੇ ਮਾਹਿਰ ਡਾਕਟਰਾਂ ਦੀ ਟੀਮ ਦੀ ਅਗਵਾਈ ਹੇਠ ਲੋੜਵੰਦ ਮਰੀਜਾਂ ਦੇ ਫਰੀ ਆਪ੍ਰੇਸ਼ਨ ਸੀ. ਐੱਮ. ਸੀ ਹਸਪਤਾਲ ਲੁਧਿਆਣਾ ਵਿਖੇ ਕੀਤੇ ਜਾਣਗੇ । ਇਸ ਮੌਕੇ ਮਰੀਜ਼ਾਂ ਨੂੰ ਫਰੀ ਦਵਾਈਆਂ ਤੇ ਐਨਕਾਂ ਵੀ ਦਿੱਤੀਆਂ ਜਾਣਗੀਆਂ ।

# ਮਾਤਰੀ ਮੌਤ ਦਰ ਘਟਾਉਣ ਲਈ ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਨਾ ਯਕੀਨੀ ਬਣਾਈ ਜਾਵੇ : ਡਾ ਹਰੀਸ਼ ਕਿਰਪਾਲ

## ਮਾਤਰੀ ਮੌਤ ਸਬੰਧੀ ਰੀਵਿਊ ਕਮੇਟੀ ਦੀ ਮੀਟਿੰਗ ਵਿਚ ਸਿਹਤ ਬਲਾਕ ਸੁੱਜੋਂ ਦੇ ਇਕ ਕੇਸ ਨੂੰ ਵਿਚਾਰਿਆ



**ਨਵਾਂਸ਼ਹਿਰ (ਮਨੋਰੰਜਨ ਕਾਲੀਆ)** ਇਸ ਮੀਟਿੰਗ ਦੌਰਾਨ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰੀਸ਼ ਕਿਰਪਾਲ ਨੇ ਮਾਤਰੀ ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਲਈ ਅਤੇ ਮੌਤ ਦੇ ਕਾਰਨਾਂ 'ਤੇ ਡੂੰਘਾਈ ਨਾਲ ਵਿਚਾਰ-ਚਰਚਾ ਕੀਤੀ। ਇਸ ਮੌਤ ਦੇ ਵਿਸ਼ਲੇਸ਼ਨ ਦੌਰਾਨ ਉਨ੍ਹਾਂ ਸਮੱਸਿਆਵਾਂ ਨੂੰ ਵੀ ਘੋਖਿਆ ਗਿਆ ਜੋ ਵਿਭਿੰਨ ਪੱਧਰਾਂ 'ਤੇ ਮਾਤਰੀ ਮੌਤ ਪਹਿਲਾਂ ਪੇਸ਼ ਆਈਆਂ। ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰੀਸ਼ ਕਿਰਪਾਲ ਨੇ ਕਿਹਾ ਕਿ ਇਹ ਜਾਣਕਾਰੀ ਗਰਭਵਤੀ ਔਰਤਾਂ ਨੂੰ ਸਿਹਤ ਸੇਵਾਵਾਂ ਦੌਰਾਨ ਪੇਸ਼ ਸਮੱਸਿਆਵਾਂ ਨੂੰ ਦੂਰ ਕਰਨ ਦੇ ਉਪਾਅ ਅਪਣਾਉਣ ਵਿਚ ਵਰਤੀ ਜਾਵੇ। ਡਾ. ਕਿਰਪਾਲ ਨੇ ਮਾਤਰੀ ਮੌਤ ਰੀਵਿਊ ਮੀਟਿੰਗ ਦੌਰਾਨ ਸਿਹਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਅਜਿਹੀਆਂ ਮੌਤਾਂ ਨੂੰ ਰੋਕਣ ਲਈ ਢੁੱਕਵੇਂ ਕਦਮ ਉਠਾਏ ਜਾਣ। ਉਨ੍ਹਾਂ ਨੇ ਹਦਾਇਤ ਕੀਤੀ ਕਿ ਜਿਹੜੀਆਂ ਗਰਭਵਤੀ ਔਰਤਾਂ ਹਾਈ ਰਿਸਕ 'ਤੇ ਹਨ ਤਾਂ ਉਨ੍ਹਾਂ ਦੀ ਇੱਕ ਲਿਸਟ ਤਿਆਰ ਕਰਕੇ ਹਮੇਸ਼ਾ ਆਪਣੇ ਕੋਲ ਰੱਖੀ ਜਾਵੇ ਤਾਂ ਜੋ ਪਹਿਲਾਂ ਤੋਂ ਗਰਭਵਤੀ ਔਰਤ ਦੀ ਸੁਰੱਖਿਆ ਲਈ ਇਕ ਐਕਸ਼ਨ ਪਲਾਨ ਬਣਾ ਕੇ ਉਸ ਦਾ ਸੁਰੱਖਿਅਤ ਜਣੇਪਾ ਮੁਮਕਿਨ ਬਣਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਗਰਭਵਤੀ ਔਰਤਾਂ ਦਾ ਹਮੇਸ਼ਾ ਮਾਹਰ ਡਾਕਟਰਾਂ ਕੋਲੋਂ ਚੈਕਅੱਪ ਕਰਵਾਇਆ ਜਾਵੇ ਜੋ ਕਿ ਚਾਰ ਹੋਣੇ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਮਾਤਰੀ ਦਰ ਮੌਤ ਨੂੰ ਘਟਾਉਣ ਲਈ ਗਰਭਵਤੀ ਔਰਤਾਂ ਦੀ ਸਿਹਤ ਉੱਤੇ ਤਿੱਖੀ ਨਜ਼ਰ ਰੱਖੀ ਜਾਵੇ ਅਤੇ ਜੇਕਰ ਕਿਸੇ ਔਰਤ ਨੂੰ ਕੋਈ ਸਮੱਸਿਆ ਹੈ ਤਾਂ ਉਸ ਦੇ ਉਚਿੱਤ ਇਲਾਜ ਪ੍ਰਬੰਧਨ ਲਈ ਲੋੜੀਂਦੇ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਸਮੇਂ ਸਿਰ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਜਾ ਸਕੇ। ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰੀਸ਼ ਕਿਰਪਾਲ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਪ੍ਰਮੁੱਖ ਉਦੇਸ਼ਾਂ ਵਿੱਚੋਂ ਇੱਕ ਮਾਤਰੀ ਮੌਤ ਦਰ ਨੂੰ ਘਟਾਉਣਾ ਹੈ। ਇਸ ਲਈ ਲੋਕਾਂ ਨੂੰ ਬਿਹਤਰ ਜੱਚਾ-ਬੱਚਾ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਇਸ ਮੀਟਿੰਗ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ, ਜ਼ਿਲ੍ਹਾ ਨਿਗਰਾਨੀ ਤੇ ਮੁਲਾਂਕਣ ਅਫ਼ਸਰ ਗੁਰਪ੍ਰੀਤ ਸਿੰਘ ਸਮੇਤ ਹੋਰ ਨੁਮਾਇੰਦੇ ਹਾਜ਼ਰ ਸਨ।

# ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿੱਚ ਰੋਟਰੀ ਕਲੱਬ ਵੱਲੋਂ 43ਵਾਂ ਵਿਸ਼ਾਲ ਖ਼ੂਨਦਾਨ ਕੈਂਪ, 45 ਯੂਨਿਟ ਖ਼ੂਨ ਇਕੱਤਰ ਕੀਤਾ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)** ਸਥਾਨਕ ਖਾਲਸਾ ਗਰਲਜ਼ ਕਾਲਜ ਵਿਖੇ ਅੱਜ ਰੋਟਰੀ ਕਲੱਬ ਮੋਰਿੰਡਾ ਵੱਲੋਂ ਰੋਟਰੀ ਦੇ 121 ਸਾਲ ਪੂਰੇ ਹੋਣ ਤੇ 43ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਸਰਦਾਰ ਹਰਨੇਕ ਸਿੰਘ ਦੀ ਧਰਮਪਤਨੀ ਸਵਰਗਵਾਸੀ ਸਰਦਾਰਨੀ ਪਰਮਜੀਤ ਕੌਰ ਰਾਏ ਦੀ ਪਵਿੱਤਰ ਯਾਦ ਨੂੰ ਸਮਰਪਿਤ ਕੀਤਾ ਗਿਆ। ਕੈਂਪ ਦੌਰਾਨ ਬਲੱਡ ਬੈਂਕ ਚੰਡੀਗੜ੍ਹ ਦੇ ਡਾਕਟਰਾਂ ਦੀ ਟੀਮ ਵੱਲੋਂ 45 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਡਾਕਟਰੀ ਟੀਮ ਨੇ ਦਾਤਾਵਾਂ ਦੀ ਸਿਹਤ ਦੀ ਪੂਰੀ ਜਾਂਚ ਉਪਰੰਤ ਹੀ ਖ਼ੂਨ ਇਕੱਤਰ ਕੀਤਾ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਯਸ਼ੂ ਸੂਦ ਅਤੇ ਸੈਕਟਰੀ ਡਾਕਟਰ ਨਿਰਮਲ ਧੀਮਾਨ ਨੇ ਕਿਹਾ ਕਿ ਖ਼ੂਨਦਾਨ



ਸਭ ਤੋਂ ਵੱਡੀ ਮਨੁੱਖੀ ਸੇਵਾ ਹੈ। ਉਨ੍ਹਾਂ ਦੱਸਿਆ ਕਿ ਖ਼ੂਨਦਾਨ ਕਰਨ ਨਾਲ ਵਿਅਕਤੀ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦਾ ਹੈ ਅਤੇ ਇਸ ਨਾਲ ਅਨੇਕਾਂ ਕੀਮਤੀ ਜਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਕੈਂਪ ਦੌਰਾਨ ਸ. ਹਰਨੇਕ ਸਿੰਘ ਰਾਏ, ਅਮਰਜੀਤ ਸਿੰਘ ਕੰਗ, ਦਵਿੰਦਰ ਸਿੰਘ, ਗੁਰਦੇਵ ਸਿੰਘ ਤੂਰ, ਤਜਿੰਦਰ ਸਿੰਘ, ਸੁਖਵਿੰਦਰ ਸਿੰਘ ਬਾਂਸਲ, ਹਰਪ੍ਰੀਤ ਸਿੰਘ, ਡ਼ਾ. ਗੁਰਪ੍ਰੀਤ ਸਿੰਘ ਮਾਵੀ, ਪ੍ਰਮਾਤਮਾ ਸਿੰਘ, ਜਸਪਾਲ ਸਿੰਘ ਮਾਨ, ਰਜਿੰਦਰ ਸੱਚਦੇਵਾ, ਜਗਤਾਰ ਸਿੰਘ, ਕਰਨਲ ਮਲਕੀਅਤ ਸਿੰਘ, ਰਜਿੰਦਰ ਗੁੰਬਰ, ਨਿਤਿਨ ਗੁਪਤਾ, ਸੰਦੀਪ ਸਿੰਗਲਾ ਅਤੇ ਰਵਿੰਦਰ ਸਿੰਘ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਹਰਜੀਤ ਸਿੰਘ ਨੰਗਲ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਜਿਲਾ ਪ੍ਰਧਾਨ ਨਿਯੁਕਤ!

**ਹੁਸ਼ਿਆਰਪੁਰ, (ਤਰਸੇਮ ਦੀਵਾਨਾ )** - ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਝਾਂਸ ਨੇ ਚੇਅਰਮੈਨ ਇੰਡੀਆ ਕੁਲਦੀਪ ਸਿੰਘ ਖਾਂਬਾ ਅਤੇ ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ ਨਾਲ ਸਲਾਹ ਮਸ਼ਵਰਾ ਕਰਕੇ ਭਾਈ ਘਨਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ ਦੇ ਪ੍ਰਧਾਨ ਹਰਜੀਤ ਸਿੰਘ ਨੰਗਲ ਨੂੰ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦਾ ਜਿਲਾ ਪ੍ਰਧਾਨ ਹੁਸ਼ਿਆਰਪੁਰ ਨਿਯੁਕਤ ਕੀਤਾ ਹੈ, ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਜਨਰਲ ਸਕੱਤਰ ਇੰਡੀਆ ਗੁਰਦੇਵ ਸਿੰਘ ਪਵਾਰ ਐਕਸੀਅਨ ਰਿਟਾ. ਨੇ ਦੱਸਿਆ ਕਿ ਨਵੇਂ ਨਿਯੁਕਤ ਹੋਏ ਜਿਲਾ ਪ੍ਰਧਾਨ ਹਰਜੀਤ ਸਿੰਘ ਨੰਗਲ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਧਾਰਮਿਕ ਅਤੇ ਸਮਾਜਿਕ ਸਰਗਰਮੀਆਂ ਨਾਲ ਉਹਨਾਂ ਨੇ ਸਮਾਜ ਵਿੱਚ ਆਪਣਾ ਵਿਲੱਖਣ ਰੁਤਬਾ ਬਣਾਇਆ ਹੋਇਆ ਹੈ। ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਰਗਨਾਈਜੇਸ਼ਨ ਦੇ ਜਥੇਬੰਦਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਅਧੀਨ ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਵੱਲੋਂ ਪੰਜਾਬ ਭਰ ਵਿੱਚ ਵੱਖ-ਵੱਖ ਜਿਲਾ ਇਕਾਈਆਂ ਦਾ ਪੁਨਰਗਠਨ ਕੀਤਾ ਜਾ ਰਿਹਾ ਹੈ ਇਸੇ ਮਿਸ਼ਨ ਅਧੀਨ ਹੀ ਹਰਜੀਤ ਸਿੰਘ ਨੰਗਲ ਦੀ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ ਵਜੋਂ ਨਿਯੁਕਤੀ ਕਰਦਿਆਂ ਉਨ੍ਹਾਂ ਨੂੰ ਹਾਈ ਕਮਾਨ ਦੀ ਸਲਾਹ ਨਾਲ ਜ਼ਿਲ੍ਹੇ ਦੇ ਜਥੇਬੰਦਕ ਢਾਂਚੇ ਦੇ ਤੁਰੰਤ ਗਠਨ ਦੇ ਅਧਿਕਾਰ ਦਿੱਤੇ ਗਏ ਹਨ ਨਵੇਂ ਨਿਯੁਕਤ ਕੀਤੇ ਗਏ ਜਿਲਾ ਪ੍ਰਧਾਨ ਹਰਜੀਤ ਸਿੰਘ ਨੰਗਲ ਨੇ ਆਪਣੀ ਇਸ ਨਿਯੁਕਤੀ ਲਈ ਇੰਡੀਆ ਚੇਅਰਮੈਨ ਕੁਲਦੀਪ ਸਿੰਘ ਖਾਂਬਾ, ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ, ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਅਤੇ ਚੇਅਰਮੈਨ ਪੰਜਾਬ ਜਸਵੰਤ ਸਿੰਘ ਭੋਗਲ ਦਾ ਧੰਨਵਾਦ ਕਰਦਿਆਂ ਯਕੀਨ ਦਿਵਾਇਆ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।



# ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਕੇ ਭਾਰਤ ਵਿਚ ਵੀ ਸੁਨਿਹਰਾ ਭਵਿੱਖ ਤਿਆਰ ਕੀਤਾ ਜਾ ਸਕਦਾ ਹੈ : ਸੰਤ ਸਤਰੰਜਨ ਸਿੰਘ ਧੁੱਗਿਆ ਵਾਲੇ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਅੱਜ ਦੇ ਸਮੇਂ ਵਿਚ ਵਿਦੇਸ਼ ਜਾਣ ਦੀ ਦੌੜ ਨੇ ਪਰਿਵਾਰਾਂ ਨੂੰ ਆਰਥਿਕ ਅਤੇ ਸਮਾਜਿਕ ਤੌਰ ਤੇ ਕਮਜ਼ੋਰ ਕਰ ਦਿੱਤਾ ਹੈ। ਇਹ ਵਿਚਾਰ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਸਤਰੰਜਨ ਸਿੰਘ ਧੁੱਗਿਆ ਵਾਲਿਆਂ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਅੰਦਰ ਹੀ ਕਿਸੇ ਕੰਮ ਦੀ ਵਧੀਆ ਟ੍ਰੇਨਿੰਗ ਪ੍ਰਾਪਤ ਕਰ ਕੇ ਆਪਣਾ ਰੋਜ਼ਗਾਰ ਸ਼ੁਰੂ ਕਰਨ ਅਤੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਉਣ ਉਨ੍ਹਾਂ ਕਿਹਾ ਕਿ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਲੱਖਾਂ ਰੁਪਏ ਖਰਚ ਕਰਦੇ ਹਨ। ਕਈ ਵਾਰ ਤਾਂ ਪਰਿਵਾਰ ਆਪਣੇ ਘਰ-ਬਾਰ ਅਤੇ ਜਮੀਨਾਂ ਤੱਕ ਵੇਚ ਦਿੰਦੇ ਹਨ, ਤਾਂ ਜੋ ਬੱਚੇ ਵਿਦੇਸ਼ ਵਿਚ ਸੈਟਲ ਹੋ ਸਕਣ ਪਰ ਹਕੀਕਤ ਇਹ ਹੈ ਕਿ ਹਰ ਵਿਦੇਸ਼ ਜਾਣ ਵਾਲੇ ਨੂੰ ਮਨਚਾਹੀ ਸਫਲਤਾ ਨਹੀਂ ਮਿਲਦੀ ਅਤੇ ਕਈ ਨੌਜਵਾਨ ਉਥੇ ਜਾ ਕੇ



ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਨੌਜਵਾਨ ਸਹੀ ਦਿਸ਼ਾ ਵਿਚ ਤਿਆਰੀ ਕਰਨ ਅਤੇ ਮਿਹਨਤ ਨਾਲ ਕੰਮ ਕਰਨ ਤਾਂ ਉਹ ਦੇਸ਼ ਅੰਦਰ ਰਹਿਕੇ ਕਾਮਯਾਬ ਉਦਯੋਗਪਤੀ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇ ਨੌਜਵਾਨ ਤਕਨੀਕੀ ਤਾਲੀਮ ਪ੍ਰਾਪਤ ਕਰ ਕੇ ਛੋਟੇ ਪੱਧਰ ਤੋਂ ਸ਼ੁਰੂਆਤ ਕਰਨ, ਤਾਂ ਹੌਲੀ-ਹੌਲੀ ਵੱਡੇ ਪੱਧਰ 'ਤੇ ਪਹੁੰਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਆਪਣੀ ਧਰਤੀ 'ਤੇ ਕਾਰੋਬਾਰ ਕਰਨ ਨਾਲ ਪਰਿਵਾਰਕ ਸਹਾਰਾ ਵੀ ਮਿਲਦਾ ਹੈ ਅਤੇ ਇਨਸਾਨ ਸਮਾਜ ਨਾਲ ਵੀ ਜੁੜਿਆ ਰਹਿੰਦਾ ਹੈ ।ਉਨ੍ਹਾਂ ਮਾਪਿਆਂ ਨੂੰ ਦੀ ਅਪੀਲ ਕੀਤੀ ਕਿ ਉਹ ਸਿਰਫ ਸਮਾਜਿਕ ਦਬਾਅ ਹੇਠ ਆ ਕੇ ਬੱਚਿਆਂ ਨੂੰ ਵਿਦੇਸ਼ ਨਾ ਭੇਜਣ। ਬੱਚਿਆਂ ਦੀ ਰੁਚੀ ਅਤੇ ਯੋਗਤਾ ਨੂੰ ਸਮਝ ਕੇ ਉਨ੍ਹਾਂ ਨੂੰ ਸਹੀ ਰਾਹ ਦਿਖਾਇਆ ਜਾਵੇ। ਉਹਨਾ ਕਿਹਾ ਕੀ ਜੇ ਨੌਜਵਾਨ ਇੱਥੇ ਹੀ ਆਪਣਾ ਪੈਸਾ ਇਨਵੈਸਟ ਕਰ ਕੇ ਕਾਰੋਬਾਰ ਸ਼ੁਰੂ ਕਰਨ ਤਾ ਬਹੁਤ ਚੰਗਾ ਹੋਵੇਗਾ,ਉਹਨਾ ਕਿਹਾ ਕਿ ਨੌਜਵਾਨ ਖੁਦ ਰੁਜ਼ਗਾਰ ਪ੍ਰਾਪਤ ਕਰਨਗੇ ਸਗੋਂ ਹੋਰ ਲੋਕਾਂ ਲਈ ਵੀ ਰੋਜ਼ਗਾਰ ਦੇ ਮੌਕੇ ਪੈਦਾ ਕਰਨਗੇ ਉਨ੍ਹਾਂ ਕਿਹਾ ਕਿ ਵਿਦੇਸ਼ ਜਾਣਾ ਗਲਤ ਨਹੀਂ, ਪਰ ਬਿਨਾਂ ਜਾਣਕਾਰੀ ਵਿਦੇਸ਼ ਜਾਣਾ ਅਧੂਰਾ ਹੈ। ਉਹਨਾ ਕਿਹਾ ਕਿ ਜੇ ਨੌਜਵਾਨ ਕਿਸੇ ਇਕ ਖੇਤਰ ਵਿਚ ਮੁਹਾਰਤ ਹਾਸਲ ਕਰ ਲੈਂਦੇ ਹਨ ਤਾਂ ਉਹ ਕਿਤੇ ਵੀ ਕਾਮਯਾਬ ਹੋ ਸਕਦੇ ਹਨ। ਅੰਤ ਵਿਚ ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਕੇ ਭਾਰਤ ਵਿਚ ਹੀ ਸੁਨਿਹਰਾ ਭਵਿੱਖ ਤਿਆਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਵਤਨ ਵਿਚ ਰਹਿ ਕੇ ਕਾਰੋਬਾਰ ਸ਼ੁਰੂ ਕਰਨਾ ਸਿਰਫ਼ ਨਿੱਜੀ ਤਰੱਕੀ ਹੀ ਨਹੀਂ ਬਲਕਿ ਦੇਸ਼ ਦੀ ਆਰਥਿਕ ਮਜ਼ਬੂਤੀ ਵੱਲ ਵੀ ਇਕ ਵੱਡਾ ਕਦਮ ਹੈ।

# 28 ਫਰਵਰੀ ਨੂੰ ਬਰਨਾਲਾ ਵਿਖੇ ਕੇਂਦਰ ਸਰਕਾਰ ਦੀ ਮਾਰੂ ਨੀਤੀਆਂ ਖਿਲਾਫ਼ ਹੋਵੇਗੀ ਇਤਿਹਾਸਿਕ ਰੈਲੀ- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਬਰਨਾਲਾ ਵਿਖੇ 28 ਫਰਵਰੀ ਨੂੰ ਹੋਣ ਵਾਲੀ ਕਾਂਗਰਸ ਪਾਰਟੀ ਦੀ ਰੈਲੀ ਸਬੰਧੀ ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਵੀਰਵਾਰ ਨੂੰ ਇਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼੍ਰੀ ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ। ਇਸ ਦੌਰਾਨ ਰੈਲੀ ਨੂੰ ਕਾਮਯਾਬ ਬਣਾਉਣ ਲਈ ਵਰਕਰਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਜਾਣਕਾਰੀ ਦਿੰਦਿਆਂ ਅਜੇ ਮੰਗੂਪੁਰ ਨੇ ਦੱਸਿਆ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 28 ਫਰਵਰੀ ਨੂੰ ਬਰਨਾਲਾ ਰੈਲੀ ਵਿੱਚ ਵਿਸ਼ੇਸ਼ ਤੌਰ ‘ਤੇ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਰੈਲੀ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਦੀ ਇਕਜੁਟਤਾ ਦਰਸਾਉਣ-ਗੇ। ਸ਼੍ਰੀ ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਨੇ ਕਿਹਾ, “ਇਹ ਰੈਲੀ ਸਿਰਫ ਸਿਆਸੀ ਇਕੱਠ ਨਹੀਂ, ਸਗੋਂ ਲੋਕਾਂ ਦੇ ਅਧਿਕਾਰਾਂ ਦੀ ਅਵਾਜ਼ ਹੈ। ਰਾਹੁਲ ਗਾਂਧੀ ਦੀ ਹਾਜ਼ਰੀ ਇਸ ਨੂੰ ਇਤਿਹਾਸਕ ਬਣਾਏਗੀ।” ਅਜੇ ਮੰਗੂਪੁਰ ਨੇ ਮਨਰੇਗਾ ਬਾਰੇ ਬੋਲਦਿਆਂ ਕਿਹਾ ਕਿ ਇਹ ਯੋਜਨਾ ਗ੍ਰਾਮੀਣ ਪਰਿਵਾਰਾਂ ਨੂੰ ਸਾਲ ਵਿੱਚ 100 ਦਿਨਾਂ ਦਾ ਰੋਜ਼ਗਾਰ ਯਕੀਨੀ ਬਣਾਉਣ ਲਈ ਬਣਾਈ ਗਈ ਸੀ, ਜੋ ਗਰੀਬ ਅਤੇ ਮਜ਼ਦੂਰ ਵਰਗ ਲਈ ਜੀਵਨ ਰੇਖਾ ਸਾਬਤ ਹੋਈ ਹੈ, ਉਨ੍ਹਾਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਵੱਲੋਂ ਬਜਟ ਵਿੱਚ





ਕਟੌਤੀਆਂ, ਭੁਗਤਾਨਾਂ ਵਿੱਚ ਦੇਰੀ ਅਤੇ ਨਵੇਂ ਨਿਯਮਾਂ ਰਾਹੀਂ ਮਨਰੇਗਾ ਦੀ ਪ੍ਰਭਾਵਸ਼ੀਲਤਾ ਘਟਾਈ ਜਾ ਰਹੀ ਹੈ, ਜਿਸ ਨਾਲ ਪਿੰਡਾਂ ਦੇ ਮਜ਼ਦੂਰ ਵਰਗ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਰੈਲੀ ਦੌਰਾਨ ਮਨਰੇਗਾ ਦੀ ਮਜ਼ਬੂਤੀ, ਸਮੇਂ-ਸਿਰ ਭੁਗਤਾਨ ਅਤੇ ਪਿੰਡਾਂ ਵਿੱਚ ਰੋਜ਼ਗਾਰ ਦੇ ਵਾਧੇ ਦੀ ਮੰਗ ਉਠਾਈ ਜਾਵੇਗੀ। ਇਸ ਦੇ ਨਾਲ ਜਿਹੜੇ ਕੇਂਦਰ ਸਰਕਾਰ ਨੇ ਕਿਸਾਨੀ ਨੂੰ ਖਤਮ ਕਰਨ ਲਈ ਅਮਰੀਕਾ ਨਾਲ ਸਮਝੌਤੇ ਕੀਤੇ ਹਨ, ਉਸ ਨਾਲ ਕਿਸਾਨੀ ਸੰਕਟ ਵਿੱਚ ਆਵੇਗੀ ਅਤੇ ਬੇਰੁਜ਼ਗਾਰੀ ਅਤੇ ਮੰਗਾਈ ਵਧੇਗੀ। ਮੀਟਿੰਗ ਦੇ ਅੰਤ ਵਿੱਚ ਸਭ ਆਗੂਆਂ ਅਤੇ ਵਰਕਰਾਂ ਨੇ ਇਕਜੁਟ ਹੋ ਕੇ ਰੈਲੀ ਨੂੰ ਸਫਲ ਬਣਾਉਣ ਦਾ ਸੰਕਲਪ ਲਿਆ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਅੰਗਦ ਸੈਣੀ ਸਾਬਕਾ ਵਿਧਾਇਰ ਨਵਾਂਸ਼ਹਿਰ, ਬਲਵਿੰਦਰ ਭੁੰਬਲਾ ਮੀਤ ਪ੍ਰਧਾਨ ਡੀ.ਸੀ.ਸੀ., ਮੀਨਾ ਸੁੰਢ ਪਤਨੀ ਸਵਃ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਰਾਜ ਕੁਮਾਰ ਜ਼ਿਲ੍ਹਾ ਪਧਾਨ ਸੇਵਾ ਦੱਲ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਬੀ ਸੀ ਸੈੱਲ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਰੋਹਿਤ ਚੋਪੜਾ ਬਲਾਕ ਪ੍ਰਧਾਨ ਨਵਾਂਸ਼ਹਿਰ-1, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਰਾਜਿੰਦਰ ਸ਼ਰਮਾ ਮੀਤ ਪ੍ਰਧਾਨ ਡੀਸੀਸੀ, ਮਨਦੀਪ ਸਿੰਘ ਥਾਂਦੀ ਜ਼ਿਲ੍ਹਾ ਇੰਚਾਰਜ ਸੋਸ਼ਲ ਮੀਡੀਆ, ਸਤਵਿੰਦਰ ਰੱਕੜ ਪ੍ਰਧਾਨ ਸੇਵਾ ਦੱਲ ਬਲਾਚੌਰ, ਬਲਵੀਰ ਚੌਧਰੀ ਬਲਾਕ ਸੰਮਤੀ, ਸਰਦਾਰਾ ਸਿੰਘ ਸਕੱਤਰ ਡੀਸੀਸੀ, ਅਜੀਤ ਸਿੰਘ ਜਨਰਲ ਸਕੱਤਰ ਡੀਸੀਸੀ, ਹਰਭਜਨ ਸਿੰਘ ਜਨਰਲ ਸਕੱਤਰ, ਹਰਪਾਲ ਸਿੰਘ ਸਕੱਤਰ ਡੀਸੀਸੀ ਆਦਿ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਸਾਹਿਬ-ਾਨ ਹਾਜ਼ਰ ਸਨ।

# ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਦੇ ਪਿਤਾ ਜਥੇਦਾਰ ਹਰਨੇਕ ਸਿੰਘ ਨਮਿਤ ਅੰਤਿਮ ਅਰਦਾਸ 8 ਮਾਰਚ ਨੂੰ

**ਸਰੀ/ ਵੈਨਕੂਵਰ ( ਕੁਲਦੀਪ ਚੁੰਬਰ)-** ਬੀਤੇ ਦਿਨੀਂ ਪੰਜਾਬ ਦੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਦੇ ਪਿਤਾ ਜੀ ਜਥੇਦਾਰ ਸਰਦਾਰ ਹਰਨੇਕ ਸਿੰਘ ਜੋ ਕਿ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਮਿਤੀ 24/02/2026 ਨੂੰ ਅਕਾਲ ਚਲਾਣਾ ਕਰ ਗਏ ਸਨ । ਟੈਲੀਫੋਨ ਤੇ ਹੋਈ ਗੱਲਬਾਤ ਦੌਰਾਨ ਭੱਟੀ ਭੜੀ ਵਾਲਾ ਨੇ ਦੱਸਿਆ ਕਿ ਓਹਨਾਂ ਦੇ ਪਿਤਾ ਜੀ ਦਾ ਜਨਮ 05/03/1941 ਨੂੰ ਪਿਤਾ ਸਰਦਾਰ ਕਿਸ਼ਨ ਸਿੰਘ ਦੇ ਘਰ ਮਾਤਾ ਜਾਗੀਰ ਕੌਰ ਦੀ ਕੁੱਖੋਂ ਪਿੰਡ ਭੜੀ, ਜ਼ਿਲ੍ਹਾ ਲੁਧਿਆਣਾ ( ਹੁਣ ਜ਼ਿਲ੍ਹਾ ਫਤਹਿਗੜ੍ਹ ਸਾਹਿਬ ) ਵਿਖੇ ਹੋਇਆ । ਇੱਕ ਗਰੀਬ ਮਿਹਨਤਕਸ਼ ਮੱਧਵਰਗੀ ਪਰਿਵਾਰ ਵਿੱਚ ਪੈਦਾ ਹੋ ਕੇ ਓਹਨਾਂ ਨੇ ਬੀ.ਏ ਦੀ ਡਿਗਰੀ ਹਾਸਲ ਕਰਕੇ ਟੈਲੀਫੋਨ ਵਿਭਾਗ ਵਿੱਚ ਨੌਕਰੀ ਕੀਤੀ ਅਤੇ ਉੱਚ ਅਹੁਦੇ ਤੋਂ ਰਿਟਾਇਰ ਹੋਕੇ ਪਿੰਡ ਵਾਪਸ ਆ ਕੇ ਲੋਕ ਸੇਵਾ ਵਿੱਚ ਜੁੱਟ ਗਏ । ਨੌਕਰੀ ਕਰਦਿਆਂ ਓਹਨਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਅਕ ਤਾਲੀਮ ਦੁਆਕੇ ਰੋਜ਼ਗਾਰ ਜੋਗੇ ਕੀਤਾ । ਲੋਕ ਸੇਵਾ ਦੌਰਾਨ ਓਹਨਾਂ ਨੇ ਇਲਾਕੇ ਦੇ ਹਜ਼ਾਰਾਂ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲਗਵਾਈ ਅਤੇ ਸੈਂਕੜੇ



ਕੱਚੇ ਮਕਾਨਾਂ ਨੂੰ ਸਰਕਾਰੀ ਸਕੀਮਾਂ ਤਹਿਤ ਪੱਕੇ ਕਰਵਾਇਆ । ਓਹਨਾਂ ਦਾ ਬੇਟਾ ਸੰਸਾਰ ਪ੍ਰਸਿੱਧ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਨੇ ਆਪਣੀ ਕਲਮ ਰਾਹੀਂ ਦੁਨੀਆਂ ਭਰ ਵਿੱਚ ਆਪਣੇ ਮਾਤਾ ਪਿਤਾ ਅਤੇ ਪਰਿਵਾਰ ਦਾ ਅਤੇ ਆਪਣੇ ਪਿੰਡ ਦਾ ਨਾਮ ਰੋਸ਼ਨ ਕੀਤਾ । ਪਰਿਵਾਰਿਕ ਜਾਣਕਾਰੀ ਮੁਤਾਬਿਕ ਭੱਟੀ ਭੜੀ ਵਾਲਾ ਦੇ ਪਿਤਾ ਜਥੇਦਾਰ ਹਰਨੇਕ ਸਿੰਘ ਨਮਿਤ ਅੰਤਿਮ ਅਰਦਾਸ ਮਿਤੀ 08 ਮਾਰਚ 2026 ਦਿਨ ਐਤਵਾਰ ਨੂੰ ਦੁਪਹਿਰ 1 ਵਜੇ ਗੁਰਦੁਆਰਾ ਸੰਤ ਮੰਡਲ ਅੰਗੀਠਾ ਸਾਹ੍ਬ ( ਲੰਬੇਆਂ ) ਨੇੜੇ ਪੁਰਾਣਾ ਬੱਸ ਸਟੈਂਡ, ਫੇਜ਼ 8 ਮੋਹਾਲੀ ਵਿਖੇ ਹੋਵੇਗੀ । ਇਸ ਅੰਤਿਮ ਅਰਦਾਸ ਵਿੱਚ ਪੰਜਾਬ ਭਰ ਤੋਂ ਸੱਭਿਆਚਾਰਕ,ਰਾਜਨੀਤਕ, ਅਤੇ ਧਾਰਮਿਕ ਸਖਸ਼ੀਅਤਾਂ ਸ਼ਾਮਲ ਹੋਣਗੀਆਂ ।

# ਮਾਨ ਸਰਕਾਰ ਵਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਡਰਾਮੇ ਲੱਗਭਗ ਫੇਲ ਹੋ ਰਹੇ ਹਨ : ਬੇਗਮਪੁਰਾ ਟਾਈਗਰ ਫੋਰਸ

## ਪੰਜਾਬ ਦੀ ਵਾਗਡੋਰ ਸਰਕਾਰ ਦੇ ਹੱਥੋਂ ਹੁਣ ਨਿਕਲ ਚੁੱਕੀ ਹੈ ਜਿਸ ਕਰਕੇ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ : ਨੇਕੂ,ਹੈਪੀ,ਬੰਟੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** -ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹ-ਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਦੋਆਬਾ ਪ੍ਰਧਾਨ ਨੇਕੂ ਅਜਨੋਹਾਂ,ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ ਚੁਰਾਸੀ,ਵਿਪਨ ਬਸੀਕਲਾਂ, ਅਮਰੀਕ ਸਿੰਘ ਰਾਜੂ ਆਦਿ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਡਰਾਮੇ ਹੁਣ ਫੇਲ ਹੋਣ ਲੱਗ ਪਏ ਹਨ ਕਿਉਂਕਿ ਜਿੱਥੇ ਵੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸੈਮੀਨਾਰ ਹੁੰਦੇ ਹਨ ਉੱਥੇ ਲੋਕ ਨਸ਼ਾ ਸਮੱਗਲਰਾਂ ਖਿਲਾਫ ਪੁਲਿਸ ਦੀ ਕਾਰਗੁਜ਼ਾਰੀ ਤੇ ਜਵਾਲ ਉਠਾ ਰਹੇ ਹਨ ਉਹਨਾਂ ਕਿਹਾ ਕਿ ਪਰ



ਹੈਰਾਨਗੀ ਦੀ ਗੱਲ ਹੈ ਕਿ ਪੁਲਿਸ ਅਫਸਰ ਜਵਾਬ ਨਹੀਂ ਦੇ ਰਹੇ । ਉਹਨਾਂ ਕਿਹਾ ਕਿ ਪੰਜਾਬ ਦੇ ਹਾਲਾਤ ਸਰਕਾਰ ਦੇ ਹੱਥੋਂ ਨਿਕਲ ਚੁੱਕੇ ਹਨ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਅਰਵਿੰਦ ਕੇਜਰੀਵਾਲ ਦੀ ਆਓ ਭਗਤ ਕਰਨ ਲਈ ਰਹਿ ਗਿਆ ਹੈ ਅਤੇ ਪੰਜਾਬ ਦਾ ਡੀਜੀਪੀ ਦੋਨਾਂ ਲੀਡਰਾਂ ਨੂੰ ਖੁਸ਼ ਕਰਨ ਲਈ ਜਿੰਮੇਵਾਰ ਨਿਭਾ ਰਿਹਾ ਹੈ ਉਹਨਾਂ ਕਿਹਾ ਕਿ ਦੋਨਾਂ ਹੀ ਪੰਜਾਬ ਦੇ ਮੁੱਖ ਨੁਮਾਇਦਿਆਂ ਮੁੱਖ ਮੰਤਰੀ ਅਤੇ ਡੀਜੀਪੀ ਦਾ ਜਮੀਨੀ ਹਾਲਾਤ ਵੱਲ ਕੋਈ ਧਿਆਨ ਨਹੀਂ ਹੈ ਜਿਸ ਕਰਕੇ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ ਹਰ ਪਾਸੇ ਦਹਿਸ਼ਤ ਦਾ ਮਾਹੌਲ ਹੈ ਪਰ ਹੈਰਾਨਗੀ ਦੀ ਇਹ ਗੱਲ ਹੈ ਕਿ ਕਿਤੇ ਵੀ ਸਰਕਾਰ ਨਜ਼ਰ ਨਹੀਂ ਆ ਰਹੀ। ਉਹਨਾਂ ਕਿਹਾ ਕਿ ਜੇਕਰ ਇਹੀ ਹਾਲਾਤ ਰਹੇ ਤਾਂ ਇੱਕ ਦਿਨ ਪੰਜਾਬ ਵਿੱਚ ਅਜਿਹੀ ਖੂਨੀ ਖੇਡ ਸ਼ੁਰੂ ਹੋਵੇਗੀ ਜੋ ਸਾਂਭਿਆ ਵੀ ਨਹੀਂ ਸਾਂਭੀ ਜਾਣੀ ਅਤੇ ਪੰਜਾਬ ਬਰਬਾਦ ਹੋ ਕੇ ਰਹਿ ਜਾਏਗਾ। ਉਹਨਾਂ ਕਿਹਾ ਕਿ ਨਸ਼ਿਆਂ ਦੇ ਮਾਮਲੇ ਤੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਚਿਹਰੇ ਬੇਨਕਾਬ ਹੋ ਚੁੱਕੇ ਹਨ ਵਿਧਾਇਕਾਂ ਦੀ ਕਾਰਗੁਜ਼ਾਰੀ ਵੀ ਸਾਹਮਣੇ ਹੈ ਜਿਸ ਕਰਕੇ ਪੰਜਾਬੀਆਂ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹਨਾਂ ਨੂੰ ਚੱਲਦਾ ਕਰਨ ਲਈ ਸੋਚਣ ਦੀ ਲੋੜ ਹੈ।

# ਅਧਿਆਪਕਾਂ ਦੀ ਸੇਵਾ ਮੁਕਤੀ

ਸਾਡਾ ਮਹਿਕਮਾ ਵਾਂਗ ਸਰਾਂ ਜਾਪੇ ,
ਕੋਈ ਤੁਰ ਜਾਂਦਾ ਕੋਈ ਆ ਜਾਂਦਾ ।
ਕੋਈ ਫੁੱਲਾਂ ਨਾਲ ਫੁੱਲ ਬਣ ਜਾਂਦਾ ,
ਕੋਈ ਕੰਡਿਆਂ ਨਾਲ ਨਿਭਾਅ ਜਾਂਦਾ।
ਇਹ ਬਹੁਤ ਪਵਿੱਤਰ ਕਿੱਤਾ ਹੈ ,
ਇਹ ਕਿੱਤਾ ਨਹੀਂ ਇੱਕ ਸੇਵਾ ਹੈ ।
ਜੋ ਵੀ ਸੱਚੀ ਸੇਵਾ ਕਰਦਾ ਹੈ ,
ਸੇਵਾ ਨੂੰ ਮਿਲਦਾ ਮੇਵਾ ਹੈ ।
ਜਦੋਂ ਕੌਮ ਦਾ ਹੈ ਨਿਰਮਾਤਾ ਬਣ ,
ਦੁਨੀਆਂ ਵਿੱਚ ਨਾਂ ਚਮਕਾ ਜਾਂਦਾ ।
ਜਿਹੜੇ ਬੱਚਿਆਂ ਨੂੰ ਵੀ ਅਪਣੇ ਧੀਆਂ ,
ਪੁੱਤਾਂ ਵਾਂਗੂੰ ਹੀ ਜਾਣਦੇ ਨੇ ।
ਲੋਕੀ ਰੱਬ ਦਾ ਰੂਪ ਸਮਝਦੇ ਨੇ ,
ਜੋ ਵੀ ਹੁੰਦੇ ਸਮੇਂ ਦੇ ਹਾਣਦੇ ਨੇ ।
ਗੁਣ ਜੋ ਪਹਿਚਾਣੇਂ ਬੱਚਿਆਂ ਦੇ ,
ਕੋਈ ਹੋਵੇ ਘਾਟ ਮੁਕਾਅ ਜਾਂਦਾ ।
ਮਾਂ , ਪਿਓ , ਤੀਜੇ ਅਧਿਆਪਕ ਹੀ ,
ਚਾਹੁੰਦੇ ਹਨ ਬੱਚੇ ਲਾਇਕ ਬਣਨ ।
ਪਹਿਲਾਂ ਮੁਲਕ ਦੇ ਚੰਗੇ ਸ਼ਹਿਰੀ ਬਣਨ ,
ਜਨਤਾ ਲਈ ਚੰਗੇ ਨਾਇਕ ਬਣਨ ।
ਪਹਿਲਾਂ ਆਪ ਦੀਵਿਆਂ ਵਾਂਗ ਜਗੇ ,
ਫਿਰ ਹੋਰਾਂ ਨੂੰ ਰੁਸ਼ਨਾਅ ਜਾਂਦਾ ।
ਰਸਮੀਂ ਸਿੱਖਿਆ ਦੇ ਨਾਲ਼ ਨਾਲ਼ ,
ਨੈਤਿਕ ਸਿੱਖਿਆ ਵੀ ਵੰਡਦੇ ਨੇ ।
ਹੋਰਾਂ ਦਾ ਲਿਖਿਆ ਪੜ੍ਹ ਸੁਣ ਕੇ ,
ਆਪਣਾ ਲਿਖਿਆ ਵੀ ਵੰਡਦੇ ਨੇ ।
ਬੱਚਿਆਂ 'ਚੋਂ ਵਹਿਮਾਂ ਭਰਮਾਂ ਨੂੰ ,
ਹੌਲ਼ੀ ਹੌਲ਼ੀ ਦੂਰ ਭਜਾ ਜਾਂਦਾ ।
ਟੀਚਰ ਸੇਵਾ ਮੁਕਤੀ ਮਗਰੋਂ ਵੀ ,
ਟੀਚਰ ਹੀ ਰਹਿੰਦੈ ਜ਼ਿੰਦਗੀ ਭਰ ।
ਪਿੱਛੋਂ ਚਾਨਣ ਵੰਡਦੈ ਜਨਤਾ ਨੂੰ ,
ਲੋਕਾਂ ਵਿੱਚ ਬਹਿੰਦੈ ਜ਼ਿੰਦਗੀ ਭਰ ।
ਕੋਈ ਜਾਤ ਧਰਮ ਨਾ ਵੇਖਦਾ ਹੈ ,
ਹਰ ਇੱਕ ਨੂੰ ਰਾਹ ਦਿਖਲਾਅ ਜਾਂਦਾ ।
ਅੱਜ ਦੇ ਵਿਛੜਨ ਵਾਲੇ ਸਾਥੀਆਂ ਵੀ ,
ਖ਼ੁਸ਼ੀਆਂ ਨਾਲ ਵਕਤ ਲੰਘਾਇਆ ਹੈ ।
ਚਿੱਟੀ ਚਾਦਰ ਲੈ ਕੇ ਜਾਣ ਲਈ ,
ਕੋਈ ਦਾਗ਼ ਨਾ ਇਸ 'ਤੇ ਲਾਇਆ ਹੈ ।
ਕੋਈ ਸ਼ਰਮੇਂ ਰੰਚਣਾਂ ਵਾਲ਼ੇ ਵਾਂਗੂੰ ,
ਨਵੀਆਂ ਪੈੜਾਂ ਹੈ ਪਾ ਜਾਂਦਾ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਗੀਤ

ਘਰੋਂ ਬਾਹਰ ਜਾਕੇ, ਰਾਤੀਂ ਕੀ
ਖੱਟੀਆਂ ਐ
ਰਿਹਾ ਹੁਣਾਂ ਭੁੱਖਾਂ, ਆਕੜਾਂ ਦਾ
ਪੱਟਿਆ ਐ
ਹੰਭ ਗਈ ਮੈਂ ਤੈਨੂੰ ਵੇ ਸੁਨੇਹੇ ਘੱਲ ਘੱਲਕੇ,,,
ਰੁੱਸਿਆ ਹੀ ਰਹਿਨਾਂ ਤੂੰ ਤਾਂ
ਰੁੱਸਿਆ ਹੀ ਰਹਿਨਾਂ ਨਿੱਕੀ ਨਿੱਕੀ ਗੱਲ ਤੇ
ਰੁੱਸਿਆ ਹੀ ਰਹਿਨਾਂ,,,

ਕੋਈ ਕੀਤੀ ਨਾ ਡਿਮਾਂਡ, ਨਾ ਮੰਗਾਂ
ਕਾਰਾਂ ਕੋਠੀਆਂ
ਤੇਰੇ ਲਾਣੇ ਦੀਆਂ ਲਾਹਾ,ਦਿਨ ਰਾਤ
ਰੋਟੀਆਂ
ਕਦੇ ਆਈ ਨਾਂ ਖੁਰਕ ਤੇਰੀ ਮੋਟੀ ਖੱਲ ਤੇ
ਰੁੱਸਿਆ ਹੀ ਰਹਿਨਾਂ ਤੂੰ ਤਾਂ,,,,,,
ਰੁੱਸਿਆ ਹੀ ਰਹਿਨਾਂ ਨਿੱਕੀ ਨਿੱਕੀ
ਗੱਲ ਤੇ,
ਰੁੱਸਿਆ ਹੀ ਰਹਿਨਾਂ,,

ਗੱਲ ਮੇਰੇ ਦਿਲ ਦੀ ਨਾ ਜਾਣੇ ਮੱਖਣਾਂ
ਇੱਕੋ ਰੀਝ ਏਂ ਆਪਣਾ ਬਣਾਕੇ ਰੱਖਣਾ
ਤੂੰ ਕਰਦਾ ਹਮੇਸ਼ਾ ਮੇਰੇ ਨਾਲ ਛੱਲ ਵੇ
ਰੁੱਸਿਆ ਹੀ ਰਹਿਨਾਂ ਤੂੰ ਤਾਂ,,,,
ਰੁੱਸਿਆ ਹੀ ਰਹਿਨਾਂ ਨਿੱਕੀ ਨਿੱਕੀ ਗੱਲ ਤੇ
ਰੁੱਸਿਆ ਹੀ ਰਹਿਨਾਂ

ਮੰਗਾਂ ਮੈਂ ਦੁਆਵਾਂ ਕਦੇ ਟੁੱਟੇ ਨਾਂ ਪ੍ਰੀਤ
ਮੇਰਾ ਕੀ ਐ ਰਹਿ ਤੂੰ ਖੁਸ਼ ਗੁਰਮੀਤ
ਬੱਸ ਤੇਰੇ ਨਾਲ ਰਹਿਣਾ ਦੁੱਖ ਸੁੱਖ ਝੱਲ ਕੇ
ਰੁੱਸਿਆ ਹੀ ਰਹਿਨਾਂ ਤੂੰ ਤਾਂ,,,,,,
ਰੁੱਸਿਆ ਹੀ ਰਹਿਨਾਂ ਨਿੱਕੀ ਨਿੱਕੀ ਗੱਲ ਤੇ
ਰੁੱਸਿਆ ਹੀ ਰਹਿਨਾਂ,,



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਸ਼ੱਕ ਦੇ ਪਹਿਰੇ

ਦਿਲ ਦੇ ਹਾਂ ਸਾਫ਼ ਅਤੇ ਸੱਚੀ ਗੱਲ ਕਹਿੰਨੇ ਆਂ
ਕਿਸੇ ਤੋਂ ਨਹੀਂ ਰੱਖੀ ਆਸ ਮਸਤੀ 'ਚ ਰਹਿੰਨੇ ਆਂ
ਫੇਰ ਵੀ ਕਈ ਚੋਰ ਅੱਖ ਨਾਲ ਰਹਿੰਦੇ ਤੱਕਦੇ...
ਸ਼ੌਰੇ ਕਾਹਤੋਂ ਸਾਡੇ 'ਤੇ ਲਗਾਏ ਪਹਿਰੇ ਸ਼ੱਕ ਦੇ ?
ਕਿੱਥੇ ਜਾਨੇ, ਕਿੱਥੋਂ ਆਉਨੈ, ਸੋਚ ਸੋਚ ਝੂਰਦੇ
ਡੱਬੂ ਕੁੱਤੇ ਵਾਂਗੂੰ ਬੈਠੇ ਰਹਿੰਦੇ ਸਾਨੂੰ ਘੂਰਦੇ
ਦਿਲਾਂ ਵਿੱਚ ਇਨ੍ਹਾਂ ਦੇ ਕਿਆੜ੍ਹੇ ਰਹਿਣ ਪੱਕਦੇ...
ਸ਼ੌਰੇ ਕਾਹਤੋਂ ਸਾਡੇ 'ਤੇ ਲਗਾਏ ਪਹਿਰੇ ਸ਼ੱਕ ਦੇ ?
ਬੈਠੇ ਹੀ ਬਣਾਈ ਜਾਣ ਖੰਭਾਂ ਦੀਆਂ ਡਾਰਾਂ ਨੂੰ
ਬਖ਼ਸ਼ੀਂ ਸੁਮੱਤ, ਮਾਨਸਿਕ ਇਹ ਬਿਮਾਰਾਂ ਨੂੰ
ਕਰ ਕਰ ਨਿੰਦਿਆ ਤੇ ਚੁਗਲੀ ਨਹੀਂ ਥੱਕ ਦੇ...
ਸ਼ੌਰੇ ਕਾਹਤੋਂ ਸਾਡੇ 'ਤੇ ਲਗਾਏ ਪਹਿਰੇ ਸ਼ੱਕ ਦੇ ?
ਦੂਜੇ ਘਰੀਂ ਚੱਲਦਾ ਕੀ, ਰੱਖਦੇ ਨਜ਼ਰ ਬਈ
ਆਪਣੇ ਘਰਾਂ ਦੀ ਇਨ੍ਹਾਂ ਹੁੰਦੀ ਨਹੀਂ ਖ਼ਬਰ ਬਈ
'ਦੂਹੜਿਆਂ ਦੇ ਖੁਸ਼ੀ' ਇਹ ਤਾਂ ਲਾਹਣਤਾਂ ਦੇ ਹੱਕ ਦੇ...
ਸ਼ੌਰੇ ਕਾਹਤੋਂ ਸਾਡੇ 'ਤੇ ਲਗਾਏ ਪਹਿਰੇ ਸ਼ੱਕ ਦੇ ?



**ਖੁਸ਼ੀ ਮੁਹੰਮਦ 'ਚੱਠਾ'**



# 31000 ਰੁਪਏ ਪ੍ਰਤੀ ਮਹੀਨਾ ਤਨਖਾਹ ਕਟੌਤੀ ਨੂੰ ਲੈ ਕੇ ਸਿੱਖਿਆ ਵਿਭਾਗ ਦੇ ਦਫ਼ਤਰੀ ਮੁਲਾਜ਼ਮਾਂ ਵੱਲੋਂ ਕਲਮ ਛੋੜ ਹੜਤਾਲ ਤੀਜੇ ਦਿਨ ਵੀ ਰਹੀ ਜ਼ਾਰੀ

**● ਸਰਕਾਰ ਦੀ ਸ਼ਹਿ ਤੇ ਬੀਤੇ ਕੱਲ ਹੱਕ ਮੰਗਦੇ ਮੁਲਾਜ਼ਮਾਂ ਤੇ ਜਲ ਤੋਪਾਂ ਦੀ ਕੀਤੀ ਸੀ ਵਰਤੋਂ ● ਅੱਜ ਵਿੱਤ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿਚ ਤਨਖਾਹ ਕਟੌਤੀ ਦਾ ਮਸਲਾ ਹੱਲ ਨਾ ਹੋਣ ਦੀ ਸੂਰਤ ਵਿਚ ਹੋਵੇਗਾ ਗੁਪਤ ਐਕਸ਼ਨ ● ਜੀ ਟੀ ਯੂ ਤੇ ਡੀ ਟੀ ਐੱਫ ਵੱਲੋਂ ਸਘੰਰਸ਼ ਦੇ ਪੂਰਨ ਸਮੱਰਥਨ ਦਾ ਐਲਾਨ**







**ਕਪੂਰਥਲਾ ( ਕੌੜਾ )** 20 ਸਾਲਾਂ ਤੋਂ ਸਿੱਖਿਆ ਵਿਭਾਗ ਵਿਚ ਤਨਦੇਹੀ ਨਾਲ ਆਪਣੀਆ ਸੇਵਾਵਾਂ ਦੇ ਰਹੇ ਦਫਤਰੀ ਕਰਮਚਾਰੀਆ ਦੀਆ ਤਨਖਾਹਾਂ ਤੇ 31000 ਰੁਪਏ ਪ੍ਰਤੀ ਮਹੀਨਾ ਕੱਟ ਲਾਉਣ ਤੋਂ ਰੋਸ ਵਿਚ ਆਏ ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆ ਵੱਲੋਂ ਕੀਤੀ ਕਲਮ ਛੋੜ ਹੜਤਾਲ ਅੱਜ ਤੀਜੇ ਦਿਨ ਵੀ ਜ਼ਾਰੀ ਰਹੀ। ਬੀਤੇ ਕੱਲ ਮੁਲਾਜ਼ਮਾਂ ਨੇ ਆਪਣੇ ਹੱਕ ਮੰਗਣ ਲਈ ਰੋਸ ਪਰਦਰਸ਼ਨ ਕਿਤਾ ਸੀ ਜਿਸ ਦੌਰਾਨ ਪੁਲਿਸ ਪ੍ਰਸਾਸ਼ਨ ਵੱਲੋਂ ਮੁਲਾਜ਼ਮਾਂ ਤੇ ਜਲ ਤੋਪਾਂ ਦੀ ਵਰਤੋਂ ਕੀਤੀ ਤੇ ਮੁਲਾਜ਼ਮਾਂ ਤੇ ਪੁਲਿਸ ਵਿਚ ਹੋਈ ਹੱਥੋਪਾਈ ਦੌਰਾਨ ਮੁਲਾਜ਼ਮਾਂ ਦੀਆ ਪੱਗਾਂ ਵੀ ਲੱਥੀਆ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ 08/09/2025 ਦੀ ਕੈਬਨਿਟ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਕਈ ਵਾਰ ਅਧਿਕਾਰੀਆ ਨੂੰ ਤਨਖਾਹਾਂ ਨਾ ਘਟਾਉਣ ਅਤੇ ਠੋਸ ਫੈਸਲਾ ਲੈਣ ਦੀ ਹਦਾਇਤ ਕੀਤੀ।

ਪ੍ਰੰਤੂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰ ਦੇ ਹੁਕਮਾਂ ਨੂੰ ਅਣਗੋਲਿਆ ਕੀਤਾ ਗਿਆ। ਤਤਕਾਲੀ ਸਕੱਤਰ ਸਕੂਲ ਸਿੱਖਿਆ ਵੱਲੋਂ ਜਥੇਬੰਦੀ ਨਾਲ ਮਿਤੀ 10/10/2025 ਨੂੰ ਮੀਟਿੰਗ ਕੀਤੀ ਗਈ ਜਿਸ ਦੋਰਾਨ ਉਨ੍ਹਾ ਨਾਲ ਹੋਈ ਵਿਚਾਰ ਚਰਚਾ ਅਨੁਸਾਰ ਕਰਮਚਾਰੀਆ ਨੂੰ 01.04.2018 ਤੋਂ ਅਧਿਆਪਕਾਂ ਦੀ ਤਰ੍ਜ਼ ਤੇ ਰੈਗੂਲਰ ਕਰਨ ਅਤੇ ਤਨਖਾਹਾਂ ਨਾ ਘਟਾਉਣ ਸਬੰਧੀ ਗੱਲਬਾਤ ਹੋਈ ਸੀ ਜਿਸ ਦੋਰਾਨ ਉਨ੍ਹਾ ਨੂੰ ਬੇਨਤੀ ਪੱਤਰ ਵੀ ਦਿੱਤਾ ਗਿਆ ਸੀ ਪ੍ਰੰਤੂ 5 ਮਹੀਨੇ ਬੀਤਣ ਤੇ 01.04.2018 ਤੋਂ ਆਰਡਰ ਦੇਣ ਜਾਂ ਤਨਖਾਹਾਂ ਸਬੰਧੀ ਫੈਸਲਾ ਲੇਣ ਦੀ ਫਾਈਲ ਦਫਤਰ ਦੇ ਇਕ ਟੇਬਲ ਤੋਂ ਦੂਜੇ ਟੇਬਲ ਤੇ ਹੀ ਘੁੰਮ ਰਹੀ ਹੈ।

ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਗਗਨਦੀਪ ਸਿੰਘ, ਬਨਵਾਰੀ ਲਾਲ, ਰਮੇਸ਼ ਕੁਮਾਰ ਲਾਧੂਕਾ ਨੇ ਕਿਹਾ ਕਿ ਮੁਲਾਜ਼ਮਾਂ ਵੱਲੋਂ ਆਪਣੇ ਕਲਮ ਛੋੜ ਹੜਤਾਲ ਦੇ ਨਾਲ ਨਾਲ ਮੋਹਾਲੀ ਸਿੱਖਿਆ ਭਵਨ ਦੇ ਬਹਾਰ ਪੱਕਾ ਧਰਨਾ ਵੀ ਸ਼ੁਰੂ ਕੀਤਾ ਹੋਇਆ ਹੈ ਜੋ ਕਿ ਅੱਜ ਦੂਜੇ ਦਿਨ ਵੀ ਜ਼ਾਰੀ ਰਿਹਾ। ਆਗੂਆ ਨੇ ਕਿਹਾ ਕਿ ਕੱਲ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਹੋਣ ਵਾਲੀ ਵਿਚ ਜੇਕਰ ਤਨਖਾਹ ਕਟੌਤੀ ਦਾ ਅਤੇ 01.04.2018 ਤੋਂ ਰੈਗੂਲਰ ਆਰਡਰ ਦੇਣ ਸਬੰਧੀ ਕੋਈ ਫੈਸਲਾ ਨਾ ਹੋਇਆ ਤਾਂ ਮੁਲਾਜ਼ਮ ਮੁੱਖ ਮੰਤਰੀ,ਵਿੱਤ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਘਰਾਂ ਵੱਲੋਂ ਗੁਪਤ ਐਕਸ਼ਨ ਕਰਨ ਨੂੰ ਮਜ਼ਬੂਰ ਹੋਣਗੇ। ਇਸ ਦੇ ਨਾਲ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਰਛਪਾਲ ਸਿੰਘ ਵੜੈਚ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ, ਜੈਮਲ ਸਿੰਘ, ਪਵਨ ਕੁਮਾਰ ਜੋਸ਼ੀ, ਤਜਿੰਦਰ ਸਿੰਘ ਅਲੌਦੀਪੁਰ ਆਦਿ ਆਗੂਆਂ ਨੇ ਦਫ਼ਤਰੀ ਕਰਮਚਾਰੀਆਂ ਦੇ ਸਘੰਰਸ਼ ਦਾ ਪੂਰਨ ਸਮੱਰਥਨ ਕਰਦੇ ਹੋਏ ਕਿਹਾ ਕਿ ਉਹ ਹਰ ਸਘੰਰਸ਼ ਵਿੱਚ ਦਫਤਰੀ ਕਰਮਚਾਰੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ ।

# ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਭਾਰਤ ਵਿੱਚ ਪਹਿਲੀ ਬ੍ਰਾਂਚ ਦਾ ਉਦਘਾਟਨ ਕੀਤਾ ਗਿਆ








**ਫਗਵਾੜਾ( ਚਰਨਜੀਤ ਸੱਲ੍ਹਾਂ )** "ਬੇਗਮਪੁਰਾ ਏਡ ਇੰਟਰਨੈਸ਼ਨਲ " ਦੀ ਭਾਰਤ ਵਿੱਚ ਪਹਿਲੀ ਬ੍ਰਾਂਚ ਦਾ ਉਦਘਾਟਨ ਫਗਵਾੜਾ ਵਿਖੇ ਅਵਾਜੇ ਕੋਮ ਸੰਤ ਕ੍ਰਿਸ਼ਨ ਨਾਥ ਜੀ ਨੇ ਕੀਤਾ ਇਸ ਮੌਕੇ ਬਸਪਾ ਪੰਜਾਬ ਦੇ ਪ੍ਰਧਾਨ ਡਾ.ਅਵਤਾਰ ਸਿੰਘ ਕਰੀਮਪੁਰੀ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ! ਉਨ੍ਹਾਂ ਤੋਂ ਇਲਾਵਾ ਪੰਜਾਬ ਭਰ ਤੇ ਵਿਦੇਸ਼ ਵਿੱਚੋਂ ਪ੍ਰਮੁੱਖ ਸ਼ਖਸੀਅਤਾਂ ਸ਼ਾਮਿਲ ਹੋਈਆਂ! ਬੇਗਮਪੁਰਾ ਏ ਇੰਟਰਨੈਸ਼ਨਲ ਦੇ ਸੰਸਥਾਪਕ ਰਾਮ ਸਿੰਘ ਮੈਂਗੜਾ ਜੀ ਦੀ ਬੇਟੀ ਜੈਸਮੀਨ ਮੈਂਗੜਾ ਨੂੰ ਜਨਮਦਿਨ ਦੀਆਂ ਵਧਾਈਆਂ ਦਿਤੀਆਂ ਮਹਾਪੁਰਸ਼ਾ ਦੇ ਅੰਦੋਲਨ ਨੂੰ ਸਮਰਪਿਤ ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਸਮੂਚੀ ਟੀਮ ਨੂੰ ਮਾਨਵਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾ ਲਈ ਬਸਪਾ ਪੰਜਾਬ ਵਲੋਂ ਮੁਬਾਰਕਾਂ ਦਿਤੀਆਂ ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਸਰਦੂਲਗੜ੍ਹ ਕੋਆਰਡੀਨੇਟਰ ਬਸਪਾ ਪੰਜਾਬ, ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਬਸਪਾ ਦੇ ਸਿਰ ਕੱਢ ਆਗੂ, ਹਰਜਿੰਦਰ ਚੰਚਲ, ਮਿਸ਼ਨਰੀ ਗਾਇਕ ਗੋਲਡੀ ਮਲਕ, ਮਿਸ਼ਨਰੀ ਗਾਇਕ ਜੀਵਨ ਮਹਿੰਮੀ,ਸੱਤਿਅਮ ਬੋਧ, ਗਾਇਕਾਂ ਪ੍ਰਿਆ ਬੰਗਾ, ਮਿਸ਼ਨਰੀ ਕਲਮ ਦੇ ਧਨੀ ਰੱਤੂ ਰੰਧਾਵਾ ਅਤੇ ਜਾਤ ਪਾਤ ਤੋਂ ਉਪਰ ਉੱਠ ਕੇ ਇਨਸਾਨੀਅਤ ਦੀ ਸੇਵਾ ਕਰਨ ਵਿੱਚ ਵਿਸ਼ਵਾਸ ਰੱਖਣ ਵਾਲੀ ਸੰਗਤ ਹਾਜ਼ਰ ਸੀ।

# ਐਚ.ਪੀ.ਵੀ. ਵੈਕਸੀਨੇਸ਼ਨ ਮੁਹਿੰਮ ਦੀ 28 ਫਰਵਰੀ ਤੋਂ ਸ਼ੁਰੂਆਤ, ਜ਼ਿਲ੍ਹਾ ਟਾਸਕ ਫੋਰਸ ਮੀਟਿੰਗ ਵਿੱਚ ਤਿਆਰੀਆਂ ਦੀ ਸਮੀਖਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਐਚ.ਪੀ.ਵੀ. ਵੈਕਸੀਨੇਸ਼ਨ ਮੁਹਿੰਮ ਦੀ ਸ਼ੁਰੂਆਤ ਸੰਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਮਾਣਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ ਆਈ.ਏ.ਐਸ. ਜੀ ਦੀ ਪ੍ਰਧਾਨਗੀ ਹੇਠ ਮਿਨੀ ਸਕੱਤਰੇਤ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਕਾਰਜਕਾਰੀ ਸਿਵਲ ਸਰਜਨ ਡਾ. ਸੀਮਾ ਗਰਗ ਦੀ ਅਗਵਾਈ ਵਿੱਚ ਸਮੂਹ ਸੀਨੀਅਰ ਮੈਡੀਕਲ ਅਫਸਰਾਂ, ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਹੋਰ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਐਚ.ਪੀ.ਵੀ. ਵੈਕਸੀਨੇਸ਼ਨ ਮੁਹਿੰਮ ਦੀ ਯੋਜਨਾ, ਤਿਆਰੀਆਂ ਅਤੇ ਕਾਰਵਾਈ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਰਜਕਾਰੀ ਸਿਵਲ ਸਰਜਨ ਡਾ. ਸੀਮਾ ਗਰਗ ਨੇ ਜਾਣਕਾਰੀ ਦਿੰਦਿਆਂ



ਦੱਸਿਆ ਕਿ ਇਸ ਮੁਹਿੰਮ ਦੀ ਸ਼ੁਰੂਆਤ 28 ਫਰਵਰੀ 2026 ਤੋਂ ਕੀਤੀ ਜਾ ਰਹੀ ਹੈ। ਇਸ ਦੇ ਤਹਿਤ 14 ਸਾਲ ਦੀਆਂ ਬੱਚੀਆਂ ਜਿਨਾ ਦੀ ਉਮਰ ਅਜੇ 15 ਸਾਲ ਨਹੀ ਹੋਈ ਹੈ, ਨੂੰ ਐਚ.ਪੀ.ਵੀ. ਟੀਕਾ ਲਗਾਇਆ ਜਾਵੇਗਾ, ਤਾਂ ਜੋ ਔਰਤਾਂ ਵਿੱਚ ਸਰਵਾਈਕਲ ਕੈਂਸਰ ਤੋਂ ਬਚਾਅ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸਰਵਾਈਕਲ ਕੈਂਸਰ ਔਰਤਾਂ ਵਿੱਚ ਇੱਕ ਗੰਭੀਰ ਬਿਮਾਰੀ ਹੈ ਅਤੇ ਇਸ ਤੋਂ ਬਚਾਅ ਲਈ ਟੀਕਾਕਰਨ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਸਰਵਾਈਕਲ ਕੈਂਸਰ ਭਾਰਤੀ ਔਰਤਾਂ ਵਿੱਚ ਛਾਤੀ ਦੇ ਕੈਂਸਰ ਤੌਂ ਬਾਅਦ ਦੂਜੇ ਨੰਬਰ ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 2030 ਤੱਕ ਸਰਵਾਈਕਲ ਕੈਂਸਰ ਨੂੰ ਖ਼ਤਮ ਕਰਨ ਦਾ ਟੀਚਾ ਰੱਖਿਆ ਗਿਆ ਹੈ, ਜਿਸ ਨੂੰ ਹਾਸਲ ਕਰਨ ਲਈ ਇਹ ਮੁਹਿੰਮ ਇੱਕ ਮਹੱਤਵਪੂਰਨ ਕਦਮ ਹੈ। ਇਸ ਮੁਹਿੰਮ ਦੌਰਾਨ ਸਿਹਤ ਸੰਸਥਾਵਾਂ ਰਾਹੀਂ ਟੀਕਾਕਰਨ ਕੀਤਾ ਜਾਵੇਗਾ ਅਤੇ ਇਸਦਾ ਰਿਕਾਰਡ ਯੂ-ਵਿਨ ਰਾਹੀ ਰੱਖਿਆ ਜਾਵੇਗਾ। ਉਹਨਾਂ ਦੱਸਿਆ ਕਿ ਮਾਣਯੋਗ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰੀ ਯੋਜਨਾ ਬੱਧ ਤਰੀਕੇ ਨਾਲ ਕੰਮ ਕੀਤਾ ਜਾਵੇ ਅਤੇ ਟੀਕਾਕਰਨ ਦਾ ਸਹੀ ਰਿਕਾਰਡ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਜਾਣਕਾਰੀਮੂਲਕ ਮੁਹਿੰਮਾਂ ਵੀ ਚਲਾਈਆਂ ਜਾਣ, ਤਾਂ ਜੋ ਮਾਪੇ ਆਪਣੀਆਂ ਧੀਆਂ ਨੂੰ ਨਿਸ਼ਚਿੰਤ ਹੋ ਕੇ ਟੀਕਾ ਲਗਵਾ ਸਕਣ।

# ਪਾਠਕ ਸੱਥ ਵਲੋਂ" ਕੈਂਪਸ 1996" ਲੋਕ ਅਰਪਣ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਪਾਠਕ ਸੱਥ ਨਵਾਂਸ਼ਹਿਰ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਇੱਕ ਸਮਾਗਮ ਦਾ ਆਯੋਜਨ ਬੇਗਮਪੁਰਾ ਕਿਤਾਬ ਘਰ, ਬੇਗਮਪੁਰ ਵਿਖੇ ਕਰਵਾਇਆ ਗਿਆ । ਇਸ ਵਿੱਚ ਸੰਦੀਪ ਨਈਅਰ ਦੇ ਨਾਵਲ "ਕੈਂਪਸ 1996" ਦਾ ਦੂਜਾ ਐਡੀਸ਼ਨ ਲੋਕ ਅਰਪਣ ਕੀਤਾ ਗਿਆ । ਨਾਵਲ ਬਾਰੇ ਇੰਜੀ. ਜਸਵੀਰ ਸਿੰਘ ਮੋਰੋਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਨਾਵਲ ਕਾਲਜ ਦੀ ਜ਼ਿੰਦਗੀ 'ਤੇ ਅਧਾਰਤ ਹੈ । ਕਾਲਜਾਂ ਅੰਦਰ ਵਿਦਿਆਰਥੀਆਂ ਦੇ ਵਿਚਾਰਕ ਮਤਭੇਦਾਂ ਕਾਰਨ ਪੈਦਾ ਹੁੰਦੇ ਮਸਲਿਆਂ ਬਾਰੇ ਚਰਚਾ ਕਰਦਾ ਹੈ । ਵਿੱਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ ਦੀ ਭੂਮਿਕਾ ਦਾ ਵੀ ਵਿਸਥਾਰ ਵਿੱਚ ਚਰਚਾ ਕੀਤਾ ਗਿਆ ਹੈ । ਬਗੀਚਾ ਸਿੰਘ ਸਹੂੰਗੜਾ ਨੇ ਕਿਹਾ ਕਿ ਅਜੋਕੇ ਸਮੇਂ ਸਿੱਖਿਆ ਦਾ ਨਿੱਜੀਕਰਨ ਹੋਣ ਕਾਰਨ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵਧੀਆਂ ਹਨ । ਪ੍ਰੰਤੂ ਵਿਦਿਆਰਥੀ ਮੁਸ਼ਕਲਾਂ ਪ੍ਰਤੀ ਜਥੇਬੰਦ ਹੋ ਕੇ ਸੰਘਰਸ਼ਸ਼ੀਲ ਨਹੀਂ ਹੋ ਰਹੇ ।ਵਿਦਿਆਰਥੀ ਲਹਿਰ ਦੀ ਉਸਾਰੀ ਸਮੇਂ ਦੀ ਵੱਡੀ ਲੋੜ ਹੈ ।





ਨਿੱਜੀ ਅਦਾਰਿਆਂ ਕਾਰਨ ਸਿੱਖਿਆ ਮਹਿੰਗੀ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ । ਸੰਦੀਪ ਨਈਅਰ ਨੇ ਕਿਹਾ ਕਿ ਮੇਰਾ ਇਹ ਪਹਿਲਾ ਨਾਵਲ ਹੈ ।ਇਸ ਨੂੰ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਹੈ ।ਇਸ ਕਰਕੇ ਪੁਸਤਕ ਪਾਠਕ ਸੰਸਥਾ ਵਲੋਂ ਇਸ ਨੂੰ ਦੁਬਾਰਾ ਛਾਪਿਆ ਗਿਆ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਭੁਪਿੰਦਰ ਬੇਗਮਪੁਰੀ ਸਰਪੰਚ ਬੇਗਮਪੁਰ, ਰਾਣਾ ਬੇਗਮਪੁਰੀ, ਮੈਡਮ ਨੀਲਮ ਅਤੇ ਸੰਤੋਸ਼ ਮੈਡਮ ਅਤੇ ਸੰਦੀਪ ਨਈਅਰ ਹਾਜ਼ਰ ਰਹੇ । ਜਸਵੀਰ ਬੇਗਮਪੁਰੀ ਨੇ ਲੇਖਕ ਨੂੰ ਵਧਾਈ ਦਿੰਦਿਆਂ ਸਮਾਗਮ ਵਿੱਚ ਹਾਜ਼ਰ ਹੋਏ ਸਭਨਾਂ ਦਾ ਧੰਨਵਾਦ ਕੀਤਾ ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਣ ਤੱਕ ਜ਼ਿਲ੍ਹੇ ’ਚ 71 ਹਜ਼ਾਰ ਤੋਂ ਵੱਧ ਪਰਿਵਾਰ ਹੋਏ ਰਜਿਸਟਰਡ – ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਦਾ ਲੋਕ ਵੱਧ ਤੋਂ ਵੱਧ ਲਾਭ ਲੈਂਦੇ ਹੋਏ ਆਪਣੀ ਰਜਿਸਟਰੇਸ਼ਨ ਕਰਵਾਉਣ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 71,187 ਕਾਰਡ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ 45,425 ਕਾਮਨ ਸਰਵਿਸ ਸੈਂਟਰਾਂ ਰਾਹੀਂ ਅਤੇ 20,144 ਸੇਵਾ ਕੇਂਦਰ ਕੈਂਪਾਂ ਰਾਹੀਂ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਰਜਿਸਟ੍ਰੇਸ਼ਨ ਦੇ ਪਹਿਲੇ ਦਿਨ ਤੋਂ ਹੀ ਲਾਭਪਾਤਰੀਆਂ ਨੂੰ ਕੈਸ਼ਲੈਸ ਇਲਾਜ ਦੀ ਸਹੂਲਤ ਮਿਲੇਗੀ। ਇਹ ਸਹੂਲਤ ਸਿਰਫ਼ ਸਰਕਾਰੀ ਹਸਪਤਾਲਾਂ ਵਿੱਚ ਹੀ ਨਹੀਂ ਸਗੋਂ ਸੂਬੇ ਭਰ ਦੇ ਨਿੱਜੀ ਹਸਪਤਾਲਾਂ ਵਿੱਚ ਵੀ ਲਾਗੂ ਹੈ। ਜਿਗਰ, ਗੁਰਦੇ, ਕੈਂਸਰ ਅਤੇ ਵੱਖ-ਵੱਖ ਸਰਜਰੀਆਂ ਸਮੇਤ ਗੰਭੀਰ ਬਿਮਾਰੀਆਂ ਦਾ ਇਲਾਜ ਇਸ ਯੋਜਨਾ ਦੇ ਅਧੀਨ ਆਉਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਲਾਭਪਾਤਰੀਆਂ ਕੋਲ ਪਹਿਲਾਂ ਹੀ 5 ਲੱਖ ਰੁਪਏ ਦਾ ਆਯੁਸ਼ਮਾਨ ਕਾਰਡ ਹੈ, ਉਹ ਇੱਕ ਸਧਾਰਨ ਈ-ਕੇ .ਵਾਈ. ਸੀ ਪ੍ਰਕਿਰਿਆ ਰਾਹੀਂ ਇਸ ਨੂੰ 10 ਲੱਖ ਰੁਪਏ ਦੇ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਵਿੱਚ ਅਪਗ੍ਰੇਡ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਿਰੰਤਰ ਯਤਨਾਂ ਸਦਕਾ, ਹੁਸ਼ਿਆਰਪੁਰ ਜ਼ਿਲ੍ਹਾ ਰਜਿਸਟ੍ਰੇਸ਼ਨ ਦਰ ਦੇ ਮਾਮਲੇ ਵਿੱਚ ਪੰਜਾਬ ਵਿੱਚ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ। ਜਨਤਕ ਸਹੂਲਤ ਲਈ ਇੱਕ ਹੈਲਪਲਾਈਨ ਨੰਬਰ 75899-44720 ਵੀ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਨਾਗਰਿਕ ਇਹ ਪਤਾ ਲਗਾ ਸਕਦੇ ਹਨ ਕਿ ਆਪਣੇ ਕਾਰਡ ਕਿੱਥੇ ਅਤੇ ਕਿਵੇਂ ਬਣਵਾਉਣੇ ਹਨ। ਆਸ਼ਿਕਾ ਜੈਨ ਨੇ ਦੱਸਿਆ ਕਿ ਇਹ ਯੋਜਨਾ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ 'ਤੇ ਵੀ ਲਾਗੂ ਹੈ। ਕਾਰਡ ਬਣਾਉਣ ਲਈ ਆਧਾਰ ਕਾਰਡ (ਮੋਬਾਈਲ ਨਾਲ ਜੁੜਿਆ), ਵੋਟਰ ਕਾਰਡ ਅਤੇ ਨਾਬਾਲਗ ਬੱਚਿਆਂ ਲਈ ਜਨਮ ਸਰਟੀਫਿਕੇਟ ਜ਼ਰੂਰੀ ਹੈ। ਕਾਰਡ ਬਣਾਉਣ ਲਈ ਘੱਟੋ-ਘੱਟ ਦੋ ਪਰਿਵਾਰਕ ਮੈਂਬਰ ਮੌਜੂਦ ਹੋਣੇ ਚਾਹੀਦੇ ਹਨ।



# ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਕੀਤੀ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਹੋਏ। ਮੀਟਿੰਗ ਵਿੱਚ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ ਵੀ ਹਾਜ਼ਰ ਸਨ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਲੋਕਾਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਕਰਨ ਸਬੰਧੀ ਜਾਗਰੂਕ ਕਰਨ ਅਤੇ ਲੋਕਾਂ ਦੇ ਘਰ-ਘਰ ਤੋਂ ਕੂੜਾ ਇਕੱਠਾ ਕਰਨ ਨੂੰ ਯਕੀਨੀ ਬਣਾਉਣ। ਇਸ ਤੋਂ ਇਲਾਵਾ ਲੋਕਾਂ ਨੂੰ ਵੱਖੋ-ਵੱਖ ਡਸਟਬਿਨ ਲਗਾਉਣ ਲਈ ਵੀ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਗਿੱਲਾ ਕੂੜਾ ਅਤੇ ਸੁੱਕਾ ਕੂੜਾ ਵੱਖੋ-ਵੱਖ ਰੱਖ ਸਕਣ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਵੱਛ ਭਾਰਤ ਮਿਸ਼ਨ ਦੀਆਂ ਹਦਾਇਤਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਡਿਪਟੀ ਕਮਿਸ਼ਨਰ ਨੇ



ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਕੱਠਾ ਕੀਤੇ ਗਏ ਕੂੜੇ ਨੂੰ ਕੰਪੋਸਟ ਪਿੱਟਸ ਵਿੱਚ ਪਾ ਕੇ ਖਾਦ ਤਿਆਰ ਕਰਨ ਅਤੇ ਜ਼ਿਲ੍ਹੇ ਅੰਦਰ ਹੋਣ ਵਾਲੇ ਵੱਖ-ਵੱਖ ਸਮਾਗਮਾਂ ਦੌਰਾਨ ਸਟਾਲ ਲਗਾ ਕੇ ਖਾਦ ਦੀ ਵੰਡ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਪਾਰਕ ਵਿੱਚ ਦਰਖੱਤਾਂ ਦੇ ਪਤਿਆਂ ਤੋਂ ਖਾਦ ਬਣਾਉਣ ਲਈ ਪਾਰਕਾਂ ਅੰਦਰ ਕੰਪੋਸਟ ਪਿੱਟਸ ਬਣਾ ਕੇ ਉਨ੍ਹਾਂ ਵਿੱਚ ਇਕੱਠੇ ਕੀਤੇ ਪੱਤੇ ਤੋਂ ਖਾਦ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸਾਫ਼ ਸੁਥਰਾ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਸਾਫ਼ ਸਫ਼ਾਈ ਨੂੰ ਯਕੀਨੀ ਬਣਾਉਣ ਲਈ ਹਰ ਪੁਖਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸ਼ਹਿਰ ਅੰਦਰ ਸਾਫ਼ ਸਫ਼ਾਈ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਉਨ੍ਹਾਂ ਥਾਂਵਾਂ ਦੀ ਪਹਿਚਾਣ ਕਰਨ ਜਿਥੋਂ ਭਾਰੀ ਮਾਤਰਾ ਵਿੱਚ ਕੂੜਾ ਨਿਕਲਦਾ ਹੈ। ਉਨ੍ਹਾਂ ਕਿਹਾ ਕਿ ਉਹ ਪੈਲਸਾਂ, ਸਬਜੀ ਮੰਡੀ, ਰੈਸਟੋਰੈਂਟ ਆਦਿ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਸੋਲਡ ਵੇਸਟ ਮੈਨੇਜਮੈਂਟ ਸਬੰਧੀ ਜਾਗਰੂਕ ਕਰਨ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਸ਼ਹਿਰ ਵਿੱਚ ਸਾਫ਼ ਸਫ਼ਾਈ ਨੂੰ ਹੋਰ ਵਧਾਉਣ ਲਈ ਹਦਾਇਤ ਕੀਤੀ।

# ਜਿਉਂਦ ਵਿਖੇ ਪੁਲਿਸ ਵੱਲੋਂ ਢਾਹੇ ਜ਼ਬਰ ਖਿਲਾਫ ਚਾਰ ਦਰਜਨ ਜਥੇਬੰਦੀਆਂ ਵੱਲੋਂ ਬਠਿੰਡਾ 'ਚ 6 ਨੂੰ ਸਾਂਝੇ ਮੁਜ਼ਾਹਰੇ ਦਾ ਐਲਾਨ

## ਐਸ ਐਸ ਪੀ ਜੋਯਤੀ ਯਾਦਵ ਸਮੇਤ ਸਭਨਾਂ ਦੋਸ਼ੀ ਅਧਿਕਾਰੀਆਂ 'ਤੇ ਇਰਾਦਾ ਕਤਲ ਦਾ ਪਰਚਾ ਦਰਜ ਕਰਨ ਦੀ ਮੰਗ

**ਬਰਨਾਲਾ (ਪੱਤਰ ਪ੍ਰੇਰਕ)**–ਪਿੰਡ ਜਿਉਂਦ ਵਿਖੇ ਭਾਰਤੀ ਕਿਸਾਨ ਯੂਨੀਅਨ (ਏਕਤਾ - ਉਗਰਾਹਾਂ) ਦੇ ਇਕੱਠ ਉੱਤੇ 18 ਫਰਵਰੀ ਨੂੰ ਪੁਲਿਸ ਵੱਲੋਂ ਕੀਤੇ ਅੰਨ੍ਹੇ ਜਬਰ ਖਿਲਾਫ ਚਾਰ ਦਰਜਨ ਜਥੇਬੰਦੀਆਂ ਵੱਲੋਂ 6 ਮਾਰਚ ਨੂੰ ਡੀ ਸੀ ਦਫਤਰ ਬਠਿੰਡਾ ਅੱਗੇ ਇਕੱਠੇ ਹੋ ਕੇ ਸ਼ਹਿਰ 'ਚ ਸੂਬਾ ਪੱਧਰੀ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ। ਜਥੇਬੰਦੀਆਂ ਨੇ ਇਹ ਮੁਜ਼ਾਹਰਾ ਜਿਉਂਦ ਚ ਜਬਰ ਢਾਹੁਣ ਦੇ ਦੋਸ਼ੀ ਬਠਿੰਡਾ ਦੀ ਐਸ ਐਸ ਪੀ ਜੋਯਤੀ ਯਾਦਵ ਤੋਂ ਇਲਾਵਾ ਜ਼ਿੰਮੇਵਾਰ ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ, ਮਨੋਜ਼ ਕੁਮਾਰ, ਨਰਿੰਦਰ, ਅਮਰੀਕ ਸਿੰਘ, ਰਾਹੁਲ ਭਾਰਦਵਾਜ ਸਮੇਤ ਸਭਨਾਂ ਦੋਸ਼ੀਆਂ ਖਿਲਾਫ ਇਰਾਦਾ ਕਤਲ ਅਤੇ ਅਗਵਾ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ। ਜਥੇਬੰਦੀਆਂ ਨੇ ਇਸ ਮਾਮਲੇ 'ਚ ਪੰਜਾਬ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਕਰਾਰ ਦਿੰਦਿਆਂ ਜਨਤਕ ਮੁਆਫ਼ੀ ਮੰਗਣ ਦੀ ਮੰਗ ਵੀ ਕੀਤੀ ਅਤੇ ਐਸ ਐਸ ਪੀ ਜੋਤਯੀ ਯਾਦਵ ਨੂੰ ਤੁਰੰਤ ਬਰਖਾਸਤ ਕਰਨ ਦੀ ਮੰਗ ਵੀ ਕੀਤੀ ।

ਇਹ ਫੈਸਲਾ ਅੱਜ ਤਰਕਸ਼ੀਲ ਭਵਨ ਬਰਨਾਲਾ ਵਿਖੇ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਹੋਈ ਕਿਸਾਨਾਂ, ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਅਧਿਆਪਕਾਂ, ਬਿਜਲੀ ਕਾਮਿਆਂ, ਤਰਕਸ਼ੀਲਾਂ , ਠੇਕਾ ਮੁਲਾਜ਼ਮਾਂ , ਵਿਦਿਆਰਥੀਆਂ, ਸਾਹਿਤ ਸੱਭਿਆਚਾਰ ਕਾਮਿਆਂ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਦੌਰਾਨ ਸਭਨਾਂ ਬੁਲਾਰਿਆਂ ਨੇ ਇੱਕ ਜੁੱਟ ਹੋ ਕੇ ਪੁਲਿਸ ਵੱਲੋਂ ਪਿੰਡ ਜਿਉਂਦ ਦੀ ਸੱਥ 'ਚ ਸ਼ਾਂਤਮਈ ਇਕੱਠ ਨੂੰ ਪੁਲਿਸ ਵੱਲੋਂ ਘੇਰ ਕੇ ਅੱਥਰੂ ਗੈਸ ਦੇ ਗੋਲਿਆਂ, ਇੱਟਾਂ ਰੋੜਿਆਂ ਤੇ ਡਾਂਗਾਂ ਨਾਲ ਹਮਲਾ ਕਰਕੇ ਇੱਕ ਕਿਸਾਨ ਚਰਨਜੀਤ ਸਿੰਘ ਨੂੰ ਅਗਵਾ ਕਰਕੇ ਕਤਲ ਕਰਨ ਤੇ ਅਪਾਹਜ ਕਰਨ ਦੇ ਇਰਾਦੇ ਨਾਲ ਸਿਰ ਭੰਨਣ ਤੇ ਲੱਤ ਚਕਨਾਚੂਰ ਕਰਨ ਤੋਂ ਇਲਾਵਾ ਇੱਕ ਨੌਜਵਾਨ 'ਤੇ ਹਮਲਾ ਕਰਕੇ ਹੱਥ ਦੋਫਾੜ ਕਰਨ ਵਾਲੀ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਇਸਨੂੰ ਤਾਨਾਸ਼ਾਹੀ ਕਦਮ ਕਰਾਰ ਦਿੱਤਾ। ਉਹਨਾਂ ਦੋਸ਼ ਲਾਇਆ ਕਿ ਪੁਲਿਸ ਵੱਲੋਂ ਵਿਦੇਸ਼ੀ ਧਾੜਵੀਆਂ ਵਾਂਗ ਸਮੁੱਚੇ ਪਿੰਡ ਦੇ ਮਜ਼ਦੂਰਾਂ ਕਿਸਾਨਾਂ, ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਤੋਂ ਇਲਾਵਾ ਬੇਜ਼ੁਬਾਨ ਜਾਨਵਰਾਂ ਉੱਤੇ ਸਬਕ ਸਿਖਾਉਣ ਦੇ ਇਰਾਦੇ ਨਾਲ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਆਗੂਆਂ ਨੇ ਇਸ ਹਮਲੇ ਨੂੰ ਸਮੁੱਚੀ ਕਿਸਾਨ ਤੇ ਲੋਕ ਲਹਿਰ 'ਤੇ ਹਮਲਾ ਕ਼ਰਾਰ ਦਿੰਦਿਆਂ ਇਸਦਾ ਸਾਂਝੇ ਸੰਘਰਸ਼ ਦੇ ਜ਼ੋਰ ਮੂੰਹ ਤੋੜ ਜਵਾਬ ਦੇਣ ਦਾ ਐਲਾਨ ਕੀਤਾ। ਉਹਨਾਂ ਆਖਿਆ



ਕਿ ਇਸ ਹਮਲੇ ਦਾ ਨਿਸ਼ਾਨਾ ਪਿੰਡ ਜਿਉਂਦ ਵਿਖੇ ਮੁਜਾਰੇ ਕਿਸਾਨਾਂ ਨੂੰ ਸੈਂਕੜੇ ਏਕੜ ਜ਼ਮੀਨ ਤੋਂ ਉਜਾੜ ਕੇ ਪੰਜਾਬ ਦੇ ਕਿਸਾਨਾਂ ਤੋਂ ਜ਼ਬਰੀ ਜ਼ਮੀਨਾਂ ਖੋਹਣ ਤੋਂ ਇਲਾਵਾ ਸਾਮਰਾਜੀ ਮੁਲਕਾਂ ਅਤੇ ਕਾਰ-ਪੋਰੇਟ ਘਰਾਣਿਆਂ ਦੀ ਅੰਨੀ ਲੁੱਟ ਲਈ ਰਾਹ ਪੱਧਰਾ ਕਰਨਾ ਹੈ ਜਿਸਨੂੰ ਕਦਾਚਿੱਤ ਬਰਦਾਸ਼ਤ ਕੀਤਾ ਜਾਵੇਗਾ। ਉਹਨਾਂ ਦੋਸ਼ ਲਾਇਆ ਕਿ ਪੁਲਿਸ ਕੋਲ ਜ਼ਖਮੀਆਂ ਦੇ ਬਿਆਨ ਦਰਜ਼ ਹੋਣ ਦੇ ਬਾਵਜੂਦ ਅਜੇ ਤੱਕ ਦੋਸ਼ੀਆਂ ਖਿਲਾਫ ਪਰਚਾ ਦਰਜ ਨਹੀਂ ਕੀਤਾ ਗਿਆ ਜ਼ੋ ਕਿ ਕਾਨੂੰਨ ਮੁਤਾਬਕ ਜ਼ਰੂਰੀ ਹੈ। ਉਹਨਾਂ ਦੋਸ਼ ਲਾਇਆ ਕਿ ਪੰਜਾਬ ਦੀ ਆਪ ਸਰਕਾਰ ਕਿਸਾਨਾਂ ਤੋਂ ਇਲਾਵਾ ਮਜ਼ਦੂਰਾਂ, ਮੁਲਾਜ਼ਮਾਂ , ਬੇਰੁਜ਼ਗਾਰਾਂ ਤੇ ਔਰਤਾਂ ਸਮੇਤ ਸਭਨਾਂ ਸੰਘਰਸ਼ਸ਼ੀਲ ਲੋਕਾਂ 'ਤੇ ਆਏ ਦਿਨ ਜਬਰ ਢਾਹ ਰਹੀ ਹੈ। ਉਹਨਾਂ ਆਖਿਆ ਕਿ ਪੰਜਾਬ 'ਚ ਆਏ ਦਿਨ ਨੰਗੇ ਚਿੱਟੇ ਰੂਪ 'ਚ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ ਅਤੇ ਨੌਜਵਾਨਾਂ ਦੀਆਂ ਲੱਤਾਂ 'ਚ ਗੋਲੀਆਂ ਮਾਰਨ ਤੋਂ ਇਲਾਵਾ ਲੋਕਾਂ ਦੇ ਘਰਾਂ ਉੱਤੇ ਬਲਡੋਜਰ ਚਲਾਉਣ ਰਾਹੀਂ ਪੰਜਾਬ ਨੂੰ ਪੁਲਿਸ ਰਾਜ਼ ਵਿੱਚ ਬਦਲਿਆ ਜਾ ਰਿਹਾ ਹੈ । ਉਹਨਾਂ ਪੰਜਾਬ ਦੇ ਸਮੂਹ ਸੰਘਰਸ਼ਸ਼ੀਲ, ਇਨਸਾਫਪਸੰਦ ਤੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਪੁਲਿਸ ਜ਼ਬਰ ਖਿਲਾਫ 6 ਮਾਰਚ ਨੂੰ ਬਠਿੰਡਾ ਵਿਖੇ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਚ ਪਰਿਵਾਰਾਂ ਸਮੇਤ ਸ਼ਾਮਲ ਹੋਣ। ਅੱਜ਼ ਵੀ ਦੀ ਮੀਟਿੰਗ ਵਿੱਚ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਤੋਂ ਇਲਾਵਾ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਤਨਾਮ ਸਿੰਘ ਪੰਨੂ, ਬੀ ਕੇ ਯੂ ਕ੍ਰਾਂਤੀਕਾਰੀ ਦੇ ਆਗੂ ਬਲਦੇਵ ਸਿੰਘ ਜੀਰਾ, ਬੀਕੇਯੂ ਡਕੌਂਦਾ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰੁਲਦੂ ਸਿੰਘ ਮਾਨਸਾ, ਪੇਂਡੂ ਮਜ਼ਦੂਰ ਯੂਨੀਅਨ ਦੇ ਤਰਸੇਮ ਪੀਟਰ, ਕੁੱਲ ਹਿੰਦ ਕਿਸਾਨ ਸਭਾ ਦੇ ਬਲਕਰਨ ਸਿੰਘ ਬਰਾੜ, ਆਲ ਇੰਡੀਆ ਕਿਸਾਨ ਸਭਾ ਦੇ ਕਿਰਨਜੀਤ ਸਿੰਘ ਸੇਖੋਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਡਾਕਟਰ ਦਰਸ਼ਨਪਾਲ, ਟੈਕਨੀਕਲ ਸਰਵਿਸਿਜ਼ ਯੂਨੀਅਨ ਭੰਗਲ ਦੇ ਜਸਵਿੰਦਰ ਸਿੰਘ, ਪੀ ਐਸ ਯੂ ਲਲਕਾਰ ਦੀ ਆਗੂ ਪਰਮਿੰਦਰ ਕੌਰ, ਪਾਵਰਕਾਮ ਐਂਡ ਟਰਾਸਕੋ ਯੂਨੀਅਨ ਦੇ ਆਗੂ ਬਲਿਹਾਰ ਸਿੰਘ ਕਟਾਰੀਆ, ਜਲ ਸਪਲਾਈ ਐਂਡ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਦੇ ਆਗੂ ਬਲਜੀਤ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਝਬੇਲਵਾਲੀ, ਦੁਆਬਾ ਕਿਸਾਨ ਦੇ ਆਗੂ ਮਨਜੀਤ ਸਿੰਘ ਰਾਏ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਦੇ ਦਰਸ਼ਨ ਸਿੰਘ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਰੇਸ਼ਮ ਸਿੰਘ ਖੇਮੂਆਣਾ, ਕਿਰਤੀ ਯੂਨੀਅਨ ਪੰਜਾਬ ਦੇ ਹਰਦੇਵ ਸਿੰਘ ਸੰਧੂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਹਰਭਜਨ ਸਿੰਘ ਬੁੱਟਰ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਰਾਜਿੰਦਰ ਸਿੰਘ ਭਦੌੜ, ਬੀਕੇਯੂ ਏਕਤਾ ਡਕੌਂਦਾ ( ਬੁਰਜ ਗਿੱਲ) ਦੇ ਆਗੂ ਦਰਸ਼ਨ ਸਿੰਘ ਉੱਗੋਕੇ, ਪੈਪਸੀਕੋ ਵਰਕਰ ਯੂਨੀਅਨ ਚੰਨੋ ਦੇ ਵਿਕਰਮਜੀਤ ਸਿੰਘ , ਬੀਕੇਯੂ ਬਹਿਰਾਮ ਕੇ ਦੇ ਆਗੂ ਬਲਵੰਤ ਸਿੰਘ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ, ਪਲਸ ਮੰਚ ਦੇ ਆਗੂ ਹਰਵਿੰਦਰ ਦੀਵਾਨਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਗੁਰਮੀਤ ਸਿੰਘ ਸੁਖਪੁਰਾ, ਸੀਟੂ ਦੇ ਆਗੂ ਸ਼ੇਰ ਸਿੰਘ ਫਰਵਾਹੀ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਗੋਬਿੰਦ ਸਿੰਘ ਛਾਜਲੀ, ਭਾਰਤੀ ਕਿਸਾਨ ਯੂਨੀਅਨ ਚੜੂਨੀ ਪੰਜਾਬ ਦੇ ਆਗੂ ਅਮਰਿੰਦਰ ਸਿੰਘ ਹੈਪੀ, ਜੀ ਐਚ ਟੀ ਪੀ ਠੇਕਾ ਮੁਲਾਜਮ ਯੂਨੀਅਨ ਅਜ਼ਾਦ ਦੇ ਲਛਮਣ ਸਿੰਘ, ਪੰਜਾਬ ਰੋਡਵੇਜ਼ ਪਨਬਸ ਤੇ ਪੀਆਰਟੀਸੀ ਕੰਡਕਟਰ ਯੂਨੀਅਨ ਦੇ ਆਗੂ ਜਲੌਰ ਸਿੰਘ, ਫਰਦ ਕੇਂਦਰ ਯੂਨੀਅਨ ਦੇ ਆਗੂ ਸਤਨਾਮ ਸਿੰਘ, ਵੇਰਕਾ ਮਿਲਕ ਐਂਡ ਕੈਟਲ ਫੀਡ ਪਲਾਂਟ ਆਊਟਸੋਰਸ ਯੂਨੀਅਨ ਦੇ ਆਗੂ ਸੰਦੀਪ ਸੰਜੂ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੋਹਣ ਸਿੰਘ, ਬੀ ਕੇ ਯੂ ਭਟੇਰੀ ਦੇ ਗੁਰਧਿਆਨ ਸਿੰਘ , ਦਲਿਤ ਤੇ ਮੁਕਤੀ ਮੋਰਚਾ ਪੰਜਾਬ ਦੇ ਬਹਾਲ ਸਿੰਘ ਬੇਨੜਾ, ਐਸ ਕੇ ਐਮ ਹਰਿਆਣਾ ਦੇ ਆਗੂ ਭਗਵਾਨ ਪਾਲ ਸਿੰਘ ਤੇ ਆਲ ਇੰਡੀਆ ਸੰਯੁਕਤ ਕਿਸਾਨ ਸਭਾ ਦੇ ਆਗੂ ਬਲਜੀਤ ਸਿੰਘ ਸੰਧੂ , ਮੀਟਰ ਰੀਡਰ ਯੂਨੀਅਨ ਬਿਜਲੀ ਬੋਰਡ ਦੇ ਆਗੂ ਜਤਿੰਦਰ ਸਿੰਘ ਭੰਗੂ ਤੋਂ ਇਲਾਵਾ ਕਿਸਾਨ ਆਗੂ ਸਰਵਣ ਸਿੰਘ ਪੰਧੇਰ,ਸਵਿੰਦਰ ਸਿੰਘ ਚੁਤਾਲਾ, ਜੋਰਾ ਸਿੰਘ ਨਸਰਾਲੀ ਤੇ ਰੂਪ ਸਿੰਘ ਛੰਨਾ ਵੀ ਮੌਜੂਦ ਸਨ।

# ਰਾਹੋਂ ਵਿਖੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਲਈ ਜਗ੍ਹਾ ਦਿੱਤੀ ਜਾਵੇ - ਸਿਮਰਨਜੋਤ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਰਾਹੋਂ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਪੰਜਾਬ ਰਾਜ ਦੇ ਸਮੁੱਚੇ ਜ਼ਿਲ੍ਹਿਆਂ ਵਿੱਚ 15ਵੇਂ ਵਿੱਤ ਕਮਿਸ਼ਨ ਅਧੀਨ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਣਾਏ ਜਾਣ ਦਾ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਅਨੁਸਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ ਪਲਾਨਿੰਗ/2026/28 ਮਿਤੀ 02/02/2026 ਅਨੁਸਾਰ ਨਗਰ ਕੌਂਸਲ ਰਾਹੋਂ ਦੀ ਹਦੂਦ ਅੰਦਰ 6400 ਸੁਕੇਅਰ ਫੁੱਟ ਜਗ੍ਹਾ ਸਿਹਤ ਵਿਭਾਗ ਨੂੰ ਦਿੱਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਇਸ ਹੈਲਥ ਸੈਂਟਰ ਲਈ ਸੁਵਿਧਾ ਕੇਂਦਰ ਰਾਹੋਂ ਨਾਲ ਲੱਗਦੀ ਖਾਲੀ ਜਗ੍ਹਾ ਢੁੱਕਵੀਂ ਰਹੇਗੀ। ਸਿਮਰਨ-ਜੋਤ ਭਾਰਤੀ ਨੇ ਕਾਰਜ



ਸਾਧਕ ਅਫ਼ਸਰ ਨਗਰ ਕੌਂਸਲ ਰਾਹੋਂ ਨੂੰ ਪੱਤਰ ਲਿਖ ਕੇ ਜਲਦੀ ਤੋਂ ਜਲਦੀ ਹਾਊਸ ਦੀ ਮੀਟਿੰਗ ਬੁਲਾ ਕੇ ਇਸ ਸਬੰਧੀ ਮਤਾ ਪਾਸ ਕਰਨ ਅਤੇ ਸਿਹਤ ਵਿਭਾਗ ਨੂੰ ਇਹ ਜਗ੍ਹਾ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਣਾਉਣ ਲਈ ਦਿੱਤੀ ਜਾਣ ਦੀ ਪੁਰਜ਼ੋਰ ਮੰਗ ਵੀ ਕੀਤੀ ਹੈ ਮੰਗ ਕੀਤੀ ਹੈ ਤਾਂ ਜੋ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਣ।

# ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀਆਂ ਮਾਵਾਂ ਦੀ " ਮਦਰ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ

## ਬੱਚਿਆਂ ਦੀ ਸੁਰੱਖਿਆ ਅਤੇ ਬੱਚਿਆਂ ਦੇ ਅਧਿਕਾਰਾਂ ਬਾਰੇ ਮਾਤਾਵਾਂ ਨੂੰ ਕੀਤਾ ਜਾਗਰੂਕਤਾ





**ਕਪੂਰਥਲਾ( ਵਿਸੇਸ ਪ੍ਰਤੀਨਿਧ )-** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ, ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਕਪੂਰਥਲਾ ਮਮਤਾ ਬਜਾਜ, ਉੱਪ ਜਿਲ੍ਹਾ ਸਿੱਖਿਆ ਅਧਿਕਾਰੀ ਡਾ ਬਲਵਿੰਦਰ ਸਿੰਘ ਬੱਟੂ ਦੀ ਅਗਵਾਈ ਅਤੇ ਬਲਾਕ ਸਿੱਖਿਆ ਅਫਸਰ (ਐਲੀਮੈਂਟਰੀ) ਮਸੀਤਾਂ ਕਮਲਜੀਤ ਦੀ ਨਿਗਰਾਨੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਡਡਵਿੰਡੀ ਵਿਖੇ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀਆਂ ਮਾਵਾਂ ਦੀ ਚੌਥੀ "ਮਦਰ ਜਾਗਰੂਕਤਾ ਵਰਕਸ਼ਾਪ" ਦਾ ਆਯੋਜਨ ਕੀਤਾ ਗਿਆ। ਅਧਿਆਪਕਾ ਪ੍ਰਥਮ ਵਲੰਟੀਅਰ ਸੁਮਨਪ੍ਰੀਤ ਕੌਰ, ਬਬੀਤਾ, ਹਰਜੀਤ ਕੌਰ,ਨਵਨੀਤ ਕੌਰ,ਪਰਮਿੰਦਰ ਕੌਰ, ਕਮਲਪ੍ਰੀਤ ਕੌਰ,ਕਮਲਜੀਤ ਕੌਰ ਆਦਿ ਦੀ ਦੇਖ ਰੇਖ ਹੇਠ ਆਯੋਜਿਤ ਉਕਤ ਜਾਗਰੂਕਤਾ ਵਰਕਸ਼ਾਪ ਦੌਰਾਨ ਸੈਂਟਰ ਹੈੱਡ ਟੀਚਰ ਮਿਨਾਕਸ਼ੀ ਸ਼ਰਮਾ ਨੇ ਬੱਚਿਆਂ ਦੀਆਂ ਮਾਤਾਵਾਂ ਨੂੰ ਆਖਿਆ ਕਿ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚੇ ਉਮਰ ਵਿੱਚ ਬਹੁਤ ਛੋਟੇ ਹੁੰਦੇ ਹਨ, ਜਿਹਨਾਂ ਦੀ ਸਾਂਭ ਸੰਭਾਲ ਕਰਨ ਅਤੇ ਓਹਨਾਂ ਨੂੰ ਅੱਖਰ ਗਿਆਨ ਨਾਲ ਜੋੜਨ ਲਈ ਅਧਿਆਪਕ ਅਤੇ ਬੱਚਿਆਂ ਦੀਆਂ ਮਾਂਵਾਂ ਨੂੰ ਮਿਲਜੁਲ ਕੇ ਸਾਂਝੇ ਉਪਰਾਲੇ ਕਰਨ ਦੀ ਲੋੜ ਹੈ। ਓਹਨਾਂ ਆਖਿਆ ਕਿ ਸਕੂਲ ਪੱਧਰ ਉੱਤੇ ਸਰਕਾਰ ਦੇ ਆਦੇਸ਼ਾਂ ਅਨੁਸਾਰ ਸਮੇਂ ਸਮੇਂ ਉਤੇ ਆਯੋਜਿਤ ਕੀਤੀਆਂ ਜਾਣ ਵਾਲੀਆਂ ਮਦਰ ਜਾਗਰੂਕਤਾ ਵਰਕਸ਼ਾਪਾਂ, ਜਾਗਰੂਕਤਾ ਸੈਮੀਨਾਰਾਂ ਅਤੇ ਵਿੱਦਿਅਕ ਕੈਂਪਾਂ ਵਿੱਚ ਸਾਨੂੰ ਨਿਰਸੰਕੋਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੇ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦਾ ਸਰਵਪੱਖੀ ਵਿਕਾਸ ਕਰ ਸਕੀਏ। ਉਕਤ ਮਦਰ ਜਾਗਰੂਕਤਾ ਵਰਕਸ਼ਾਪ ਦੌਰਾਨ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਇੰਚਾਰਜ ਅਧਿਆਪਕਾਂਵਾਂ ਨੇ ਐਲ ਕੇ ਜੀ ਅਤੇ ਯੂ ਕੇ ਜੀ ਅਤੇ ਪਹਿਲੀ ਜਮਾਤਾਂ ਦੇ ਬੱਚਿਆਂ ਦਾ ਮਨੋਰੰਜਨ ਕਰਨ ਲਈ ਹਲਕੀਆਂ ਫੁਲਕੀਆਂ ਬਾਲ ਖੇਡਾਂ ਵੀ ਕਰਵਾਈਆਂ । ਬੱਚਿਆਂ ਦੀਆਂ ਮਾਵਾਂ ਨੂੰ ਬੱਚਿਆਂ ਦੇ ਅਧਿਕਾਰ ਅਤੇ ਬੱਚਿਆਂ ਦੀ ਸੁਰੱਖਿਆ ਤੋਂ ਇਲਾਵਾ ਬੱਚਿਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਉੱਤੇ ਚਰਚਾ ਕੀਤੀ ਗਈ।

# ਜਿਲ੍ਹਾਂ ਰੂਪਨਗਰ ਦੇ ਸਟੋਨ ਕਰੈਸ਼ਰਾ ਪਰ ਲੱਗਿਆ ਭਾਰੀ ਜੁਰਮਾਨਾ

## ਨਜਾਇਜ਼ ਮਾਈਨਿੰਗ ਅਤੇ ਖਨਨ ਕਰਨ ਵਾਲਿਆਂ ਤੇ ਐਨਜੀਟੀ ਨੇ ਕੱਸਿਆ ਸਿਕੰਜਾ





**ਰੂਪਨਗਰ /ਸ੍ਰੀ ਆਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਰੋਪੜ ਜਿਲ੍ਹੇ ਦੇ ਵਿੱਚ ਪੈਂਦੇ ਪਿੰਡਾਂ ਵਿੱਚ ਲੱਗੇ ਕਰੈਸ਼ਰਾ ਦੀ ਅਵੈਧ ਮਾਇਨਿੰਗ ਦੇ ਹੋਣ ਕਾਰਨ ਵਾਤਾਵਰਨ ਦੂਸ਼ਿਤ ਕਰਨ ਦੇ ਨਿਯਮਾਂ ਖਿਲਾਫ ਕੜਾ ਰੁੱਖ ਅਪਨਾਉਦੀਆ ਐਨਜੀਟੀ ਨਵੀਂ ਦਿੱਲੀ ਵਿੱਚ ਸਥਿਤ ਪ੍ਰਿੰਸੀਪਲ ਬੈਂਚ ਨੇ 4 ਫਰਵਰੀ ਨੂੰ ਇੱਕ ਫੈਸਲਾ ਸੁਣਾਇਆ ਸੀ ਜੋ ਕਿ ਖੇੜਾ ਕਲਮੋਟ ਹਰੀਪੁਰ ਪਲਾਟਾਂ ਅਤੇ ਅਲਗਰਾ ਦੇ ਅਧੀਨ ਪੈਣ ਵਾਲੇ ਕਰੈਸ਼ਰ ਦੇ ਖਿਲਾਫ ਮਾਈਨਿੰਗ ਨਾਲ ਜੁੜੇ ਵਿਭਾਗਾਂ ਦਾ ਸਖਤ ਕਾਰਵਾਈ ਕਰਦੇ ਹੋਏ ਨਿਰਦੇਸ਼ ਜਾਰੀ ਕੀਤੇ ਹਨ ਅਤੇ ਸ਼ਿਵਾਲੀਕ ਦੀ ਮਨਮੋਹਕ ਪਹਾੜੀਆਂ ਨੂੰ ਢਾਹ ਲਾਉਣ ਵਾਲੇ ਸਟੋਨ ਕਰੈਸ਼ਰਾ ਤੇ ਤਿੰਨ ਮਹੀਨੇ ਤੋਂ ਬਣਦੀ ਕਾਰਵਾਈ ਕਰ ਇਲਾਕੇ ਦੇ 13 ਸਟੋਨ ਕਰੈਸ਼ਰਾਂ ਨੂੰ ਭਾਰੀ ਜ਼ੁਰਮਾਨਾਂ ਲਗਾਉਣ ਲਈ ਕਿਹਾ ਗਿਆ ਅਤੇ ਇਹਨਾਂ ਕਰੈਸ਼ਰਾ ਤੇ ਜੁਰਮਾਨਾ ਲੱਗਣ ਨਾਲ ਸ਼ਪੱਸ਼ਟ ਹੋ ਗਿਆ ਹੈ ਕਿ ਨਜ਼ਦੀਕੀ ਖੇਤਰ ਵਿੱਚ ਬਣਦੀ ਜ਼ਮੀਨ ਵੀ ਇਹਨਾਂ ਵੱਲੋਂ ਪੁੱਟੀ ਗਈ।

# ਕੇਸੀ ਕਾਲਜ ਆਫ਼ ਫਾਰਮੇਸੀ ਵਿਖੇ ਏਆਈ-ਅਧਾਰਿਤ ਫਾਰਮਾ ਵਰਕਸ਼ਾਪ ਸਮਾਪਤ

## ਅਜਿਹੀਆਂ ਵਰਕਸ਼ਾਪਾਂ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਂਦੀਆਂ ਹਨ – ਡਾ. ਅਵਤਾਰ ਚੰਦ ਰਾਣਾ



**ਨਵਾਂਸ਼ਹਿਰ(ਜਤਿੰਦਰ ਪਾਲ ਸਿੰਘ ਕਲੇਰ )** ਕੇਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕੇਸੀ ਕਾਲਜ ਆਫ਼ ਫਾਰਮੇਸੀ ਵਿਖੇ ਵਿਦਿਆਰਥੀਆਂ ਲਈ ਫਾਰਮਾਸਿਊਟੀਕਲ ਇੰਡਸਟਰੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ’ਤੇਆਧਾਰਿਤ ਤਿੰਨ ਰੋਜ਼ਾ ਵਰਕਸ਼ਾਪ ਦੀ ਸਮਾਪਤੀ ਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੰਡੇ ਗਏ। ਸਮਾਪਤੀ ਸਮਾਰੋਹ ਦੇ ਆਖਰੀ ਦਿਨ, ਕੈਂਪਸ ਡਾਇਰੈਕਟਰ ਅਤੇ ਕਾਲਜ ਇੰਚਾਰਜ ਡਾ. ਅਵਤਾਰ ਚੰਦ ਰਾਣਾ, ਸਹਾਇਕ ਪ੍ਰੋਫੈਸਰ ਕਮਲਜੀਤ ਕੌਰ, ਪ੍ਰੋਫੈਸਰ ਅਮਨਜੋਤ ਕੌਰ, ਡਾ. ਵਿਕਾਸ ਕੁਮਾਰ ਅਤੇ ਇੰਜ ਆਰਕੇ ਮੁੰਮ ਵਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਮੁੱਖ ਬੁਲਾਰੇ ਡਾ. ਪੁਨੀਤ ਕੱਕੜ ਨੇ ਦੱਸਿਆ ਕਿ ਏਆਈ ਤਕਨਾਲੋਜੀ ਫਾਰਮਾਸਿਊਟੀਕਲ ਇੰਡਸਟਰੀ ਵਿੱਚ ਡਰੱਗ ਖੋਜ, ਖੋਜ ਅਤੇ ਵਿਕਾਸ (ਆਰ ਐਂਡ ਡੀ), ਗੁਣਵੱਤਾ ਨਿਯੰਤਰਣ ਅਤੇ ਕਲੀਨਿਕਲ ਖੋਜ ਨੂੰ ਤੇਜ਼, ਵਧੇਰੇ ਸਟੀਕ ਅਤੇ ਵਧੇਰੇ ਕੁਸ਼ਲ ਬਣਾ ਰਹੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀਆਂ ਨਾਲ ਲਗਾਤਾਰ ਆਪਣੇ ਆਪ ਨੂੰ ਅਪਡੇਟ ਕਰਨ ਲਈ ਉਤਸ਼ਾਹਿਤ ਕੀਤਾ। ਅੰਤਿਮ ਦਿਨ, ਵਿਦਿਆਰਥੀਆਂ ਨੇ ਦੱਸਿਆ ਕਿ ਵਰਕਸ਼ਾਪ ਨੇ ਉਨ੍ਹਾਂ ਨੂੰ ਏਆਈ-ਅਧਾਰਿਤ ਸਾਫਟਵੇਅਰ ਟੂਲਸ, ਡੇਟਾ ਵਿਸ਼ਲੇਸ਼ਣ, ਮਾੱਲਿਕਿਊਲੂ ਮਾਡਲਿੰਗ, ਡਰੱਗ ਡਿਜ਼ਾਈਨ, ਪ੍ਰੇਡਿਕਟਿਵ ਐਨਾਲਟਿਕਸ, ਆਟੋਮੇਸ਼ਨ ਤਕਨੀਕਾਂ ਦਾ ਵਿਹਾਰਕ ਗਿਆਨ ਪ੍ਰਦਾਨ ਕੀਤਾ। ਇਹ ਸਿਖਲਾਈ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ। ਵਰਕਸ਼ਾਪ ਰਾਹੀਂ, ਵਿਦਿਆਰਥੀਆਂ ਨੇ ਫਾਰਮਾਸਿਊਟੀਕਲ ਉਦਯੋਗ ਵਿੱਚ ਨਵੀਨਤਮ ਤਕਨਾਲੋਜੀਆਂ ਦੀ ਯਥਾਰਥਵਾਦੀ ਸਮਝ ਪ੍ਰਾਪਤ ਕੀਤੀ, ਡਰੱਗ ਖੋਜ ਅਤੇ ਖੋਜ , ਵਿਕਾਸ ਵਿੱਚ ਕਰੀਅਰ ਲਈ ਇੱਕ ਮਜ਼ਬੂਤ ਨੀਂਹ, ਉਦਯੋਗ-ਤਿਆਰ ਹੁਨਰ ਵਿਕਸਤ ਕੀਤੇ ਜੋ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣਗੇ, ਡੇਟਾ-ਅਧਾਰਿਤ ਫੈਸਲਾ ਲੈਣ ਅਤੇ ਵਿਸ਼ਲੇਸ਼ਣਾਤਮਕ ਸੋਚ ਵਿਕਸਤ ਕੀਤੀ, ਇੱਕ ਖੋਜ-ਅਧਾਰਿਤ ਮਾਨਸਿਕਤਾ ਪੈਦਾ ਕੀਤੀ ਜੋ ਉੱਚ ਸਿੱਖਿਆ (ਐਮ. ਫਾਰਮਾ) ਦਾ ਸਮਰਥਨ ਕਰੇਗੀ, ਸਟਾਰਟਅੱਪਸ ਅਤੇ ਨਵੀਨਤਾ ਲਈ ਨਵੇਂ ਮੌਕਿਆਂ ਦੀ ਪਛਾਣ ਕੀਤੀ, ਅਤੇ ਉਨ੍ਹਾਂ ਨੂੰ ਵਿਸ਼ਵਵਿਆਪੀ ਫਾਰਮਾਸਿਊਟੀਕਲ ਬਾਜ਼ਾਰ ’ਚ ਮੁਕਾਬਲਾ ਕਰਨ ਲਈ ਤਿਆਰ ਕੀਤਾ। ਅੰਤ ’ਚ ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ ਨੇ ਕਿਹਾ ਕਿ ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਨਵਾਂ ਗਿਆਨ ਅਤੇ ਨਵੀਆਂ ਤਕਨਾਲੋਜੀਆਂ ਦਾ ਜਾਣਕਾਰੀ ਦਿੱਤੀ ਹੈ। ਜਦੋਂ ਉਹ ਇਨ੍ਹਾਂ ਹੁਨਰਾਂ ਨੂੰ ਅਮਲ ’ਚ ਲਿਆਉਣਗੇ, ਤਾਂ ਉਨ੍ਹਾਂ ਦਾ ਭਵਿੱਖ ਉੱਜਵਲ ਹੋਵੇਗਾ। ਅਜਿਹੀਆਂ ਏਆਈ ਅਤੇ ਤਕਨਾਲੋਜੀ-ਅਧਾਰਿਤ ਵਿਦਿਅਕ ਪਹਿਲਕਦਮੀਆਂ ਵਿਦਿਆਰਥੀਆਂ ਨੂੰ ਭਵਿੱਖ ਦੇ ਫਾਰਮਾਸਿਊਟੀਕਲ ਉਦਯੋਗ ਵਿੱਚ ਲੀਡਰਸ਼ਿਪ ਭੂਮਿਕਾਵਾਂ ਨਿਭਾਉਣ ਲਈ ਸਮਰੱਥ ਬਣਾਉਣਗੀਆਂ। ਵਿਦਆਰਥੀਆਂ ਨੇ ਸਭਿਆਚਾਰਕ ਪਰੋਗਰਾਮ ਵੀ ਪੇਸ਼ ਕੀਤਾ। ਮੌਕੇ ਤੇ ਪ੍ਰੋਫੈਸਰ ਅਭਿਨਵ ਰਾਣਾ, ਇੰਦਰਪ੍ਰੀਤ ਕੌਰ, ਸ਼ਿਖਾ, ਮਨਪ੍ਰੀਤ ਕੌਰ, ਮੁਕੇਸ਼, ਸੰਜੀਵ ਕੰਵਰ, ਗੁਰਪ੍ਰੀਤ, ਸੁਖਵਿੰਦਰ, ਅਤੇ ਵਿਪਨ ਕੁਮਾਰ ਦੇ ਨਾਲ ਹੋਰ ਸਟਾਫ ਸ਼ਾਮਲ ਰਿਹਾ।

# ਬਹਿਰਾਮ,ਵਿਧਾਨ ਸਭਾ ਬੰਗਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਸਪਾ ਦੀ ਹੋਈ ਦੁਆਬਾ ਪੱਧਰੀ ਮੀਟਿੰਗ,ਕਰਤਾ ਵੱਡਾ ਐਲਾਨ

### 15 ਮਾਰਚ ਨੂੰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਬਹਿਰਾਮ ਦਾਨਾ ਮੰਡੀ ਦੀ ਗਰਾਊਂਡ ਚ ਹੋਵੇਗੀ ਸੂਬਾ ਪੱਧਰੀ ਸੱਤਾ ਪ੍ਰਾਪਤ ਕਰੋ ਰੈਲੀ –ਕਰੀਮਪੁਰੀ

**ਬਹਿਰਾਮ/ਬੰਗਾ:( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਇੱਕ ਅਹਿਮ ਦੁਆਬਾ ਪੱਧਰੀ ਮੀਟਿੰਗ ਅੱਜ ਬਹਿਰਾਮ ਵਿਖੇ ਹੋਈ, ਜਿਸ ਵਿੱਚ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੇਂਦਰੀ ਇੰਚਾਰਜ ਚੰਡੀਗੜ੍ਹ, ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਇੱਕ ਵੱਡਾ ਐਲਾਨ ਕੀਤਾ ਕਿ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ 15 ਮਾਰਚ ਨੂੰ ਬਹਿਰਾਮ ਦੀ ਦਾਣਾ ਮੰਡੀ ਦੇ ਮੈਦਾਨ ਵਿੱਚ ਸੂਬਾ ਪੱਧਰੀ 'ਸੱਤਾ ਪ੍ਰਾਪਤ ਕਰੋ ਰੈਲੀ' ਆਯੋਜਿਤ ਕੀਤੀ ਜਾਵੇਗੀ।

ਪੰਜਾਬ ਦੀ ਤਬਦੀਲੀ ਲਈ ਬਸਪਾ ਦਾ ਸੰਕਲਪ

ਪ੍ਰੈਸ ਨੋਟ ਰਾਹੀਂ ਡਾ. ਕਰੀਮਪੁਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਸੁਧਾਰਨ ਲਈ "ਬਸਪਾ ਹੀ ਇੱਕੋ-ਇੱਕ ਵਿਕਲਪ" ਹੈ। ਉਨ੍ਹਾਂ ਨੇ ਰੈਲੀ ਦੇ ਮੁੱਖ ਏਜੰਡੇ ਅਤੇ ਪਾਰਟੀ ਦੇ ਸੰਕਲਪਾਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਬਸਪਾ ਦੀ ਸਰਕਾਰ ਆਉਣ 'ਤੇ ਹੇਠ ਲਿਖੇ ਮੁੱਦਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ:

ਮਾਫੀਆ ਰਾਜ ਦਾ ਅੰਤ: ਪੰਜਾਬ ਵਿੱਚੋਂ ਡਰੱਗ ਮਾਫੀਆ, ਲੈਂਡ ਮਾਫੀਆ ਅਤੇ ਸੈਂਡ (ਰੇਤ) ਮਾਫੀਆ ਦਾ ਮੁਕੰਮਲ ਖਾਤਮਾ ਕੀਤਾ ਜਾਵੇਗਾ।

ਰੁਜ਼ਗਾਰ ਅਤੇ ਸਿੱਖਿਆ: ਬੇਰੁਜ਼ਗਾਰੀ ਨੂੰ ਜੜ੍ਹੋਂ ਖ਼ਤਮ ਕਰਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣਗੇ। ਸੂਬੇ ਵਿੱਚ ਅਸਲ 'ਸਿੱਖਿਆ ਕ੍ਰਾਂਤੀ' ਅਤੇ 'ਸਿਹਤ ਕ੍ਰਾਂਤੀ' ਲਿਆਂਦੀ ਜਾਵੇਗੀ ਤਾਂ ਜੋ ਆਮ ਆਦਮੀ ਨੂੰ ਮਿਆਰੀ ਸਹੂਲਤਾਂ ਮਿਲ ਸਕਣ। ਕਿਸਾਨੀ ਅਤੇ ਮਜ਼ਦੂਰ



ਪੱਖੀ ਫੈਸਲੇ: ਕਿਸਾਨਾਂ ਦੀਆਂ ਸਮੱਸਿਆਵਾਂ ਦਾ ਪੱਕਾ ਹੱਲ ਕੀਤਾ ਜਾਵੇਗਾ। ਮਜ਼ਦੂਰਾਂ ਨੂੰ ਆਤਮ-ਨਿਰਭਰ ਬਣਾਉਣ ਲਈ ਵਿਸ਼ੇਸ਼ ਨੀਤੀਆਂ ਬਣਾਈਆਂ ਜਾਣਗੀਆਂ।

ਮੁਲਾਜ਼ਮਾਂ ਦੀਆਂ ਮੰਗਾਂ: ਲੰਮੇ ਸਮੇਂ ਤੋਂ ਲਟਕ ਰਹੀਆਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਦਿਆਂ ਉਨ੍ਹਾਂ ਦਾ 16% ਡੀ.ਏ. (ਧਅ) ਤੁਰੰਤ ਜਾਰੀ ਕੀਤਾ ਜਾਵੇਗਾ।

"ਪੰਜਾਬ ਦਾ ਸੰਕਲਪ, ਬਸਪਾ ਹੀ ਵਿਕਲਪ"

ਡਾ. ਕਰੀਮਪੁਰੀ ਨੇ ਸਮੂਹ ਪੰਜਾਬੀਆਂ ਅਤੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ 15 ਮਾਰਚ ਦੀ ਇਸ ਰੈਲੀ ਵਿੱਚ ਵੱਧ-ਚੜ੍ਹ ਕੇ ਪਹੁੰਚਣ ਤਾਂ ਜੋ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਬਦਲਾਅ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਬਸਪਾ ਸਿਰਫ਼ ਵਾਅਦੇ ਨਹੀਂ ਕਰਦੀ, ਸਗੋਂ ਲੋਕਾਂ ਨੂੰ ਸੱਤਾ ਵਿੱਚ ਹਿੱਸੇਦਾਰ ਬਣਾ ਕੇ ਉਨ੍ਹਾਂ ਦੇ ਹੱਕ ਪ੍ਰਦਾਨ ਕਰਨ ਲਈ ਵਚਨਬੱਧ ਹੈ ਇਸ ਮੌਕੇ ਚੌਧਰੀ ਗੁਰਨਾਮ ਸਿੰਘ, ਤੀਰਥ ਰਾਜਪੁਰਾ, ਐਡਵੋਕੇਟ ਬਲਵਿੰਦਰ ਕੁਮਾਰ,ਗੁਰਮੇਲ ਚੁੰਬਰ, ਪਰਵੀਨ



ਬੰਗਾ,ਠੇਕੇਦਾਰ ਭਗਵਾਨ ਦਾਸ, ਦਿਲਬਾਗ ਚੰਦ. ਬਲਾਚੌਰ, ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਰਕੇਸ਼ ਕੁਮਾਰ,ਜਗਦੀਸ਼ ਸ਼ੇਰਪੁਰੀ, ਸਰਬਜੀਤ ਜਾਫਰਪਰ,ਦਲਜੀਤ ਰਾਏ, ਡਾਕਟਰ ਜਸਵੰਤ ਸਿੰਘ ਮਨੋਹਰ ਕਮਾਮ ਹਰਬਲਾਸ ਬਸਰਾ ਵਿਜੈ ਗੁਣਾਚੌਰ ਸੋਮ ਨਾਥ ਰਟੈਂਡਾ ਅਸ਼ੋਕ ਕੁਮਾਰ ਸਾਬਕਾ ਸਰਪੰਚ ਹਲਕਾ ਉਪ ਪ੍ਰਧਾਨ ਕੁਲਦੀਪ ਬਹਿਰਾਮ ਹਰਜਿੰਦਰ ਜੰਡਾਲੀ, ਚਰਨਜੀਤ ਮੰਢਾਲੀ ਗੁਰਦਿਆਲ ਬੋਧ ਪਰਮਜੀਤ ਕੋਰ ਧਰਮ ਪਾਲ ਤਲਵੰਡੀ,ਰਾਮ ਮੂਰਤੀ ਖੇੜਾ ਕੇਹਰ ਚੰਦ ਫਰਾਲਾ ਜਸਵੀਰ ਚਾਹਲ ਮਲਕੀਅਤ ਮੰਢਾਲੀ ਦਰਸ਼ਨ ਸਿੰਘ ਬਹਿਰਾਮ,ਜਗਤਾਰ ਸਿੰਘ ਜੀਤ ਰਾਮ ਕਟਾਂ, ਤੋਂ ਇਲਾਵਾ ਹੋਰ ਪਾਰਟੀ ਦੇ ਵਿਧਾਨ ਸਭਾ ਦੇ ਆਗੂ ਅਤੇ ਸੈਕਟਰਾਂ ਦੇ ਆਗੂ ਸਾਹਿਬਾਨ ਵੱਡੀ ਪੱਧਰ ਤੇ ਵਰਕਰ ਸਮਰਥਕ ਮੌਜੂਦ ਸਨ।

# ਸਿਰਜਣਾ ਮੇਲਾ –3 ਦਾ ਸ਼ਾਨਦਾਰ ਆਗਾਜ਼ ਇੱਕ ਮਾਰਚ ਨੂੰ ਹੋਵੇਗਾ

**● ਲਿੰਗ ਸਮਾਨਤਾ ਅਤੇ ਭਾਰਤੀ ਸਮਾਜ ਵਿਸ਼ੇ ਤੇ ਹੋਵੇਗਾ ਸੰਵਾਦ ● 22 ਕਵਿੱਤਰੀਆਂ ਦੀ ਸ਼ਾਇਰੀ ਦੀ ਸਜੇਗੀ ਮਹਿਫ਼ਲ ● 4 ਅਗਾਂਹਵਧੂ,ਸਮਾਜ ਸੇਵੀ ਜੁਝਾਰੂ ਔਰਤਾਂ ਨੂੰ ਮਿਲੇਗਾ "ਸਿਰਜਣਹਾਰੀ ਪੁਰਸਕਾਰ"**

**ਬਰਨਾਲਾ (ਚੰਡਿਹੋਕ)** ਸਿਰਜਣਾ ਅਤੇ ਸੰਵਾਦ ਸਾਹਿਤ ਸਭਾ (ਰਜਿ:)ਬਰਨਾ਼ਲਾ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ 25 ਵਾਂ ਸਾਹਿਤਕ ਸਮਾਗਮ ਅਤੇ ਸਿਰਜਣਾ ਮੇਲਾ 3 ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਬਰਨਾ਼ਲਾ ਵਿਖੇ ਬੀ. ਐਂਡ ਹਾਲ ਵਿੱਚ ਕਰਵਾਇਆ ਜਾ ਰਿਹਾ ਹੈ । ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਇਸ ਪ੍ਰੋਗਰਾਮ ਵਿੱਚ ਪੰਜਾਬ ਭਰ ਤੋਂ 22 ਕਵਿੱਤਰੀਆਂ ਭਾਗ ਲੈਣਗੀਆਂ। ਇਸ ਸਮਾਗਮ ਦੀ ਪ੍ਰਧਾਨਗੀ ਡਾ .ਨਵਦੀਪ ਕੌਰ ਮੁਖੀ ਪੋਸਟ ਗਰੈਜੂਏਟ ਸਟੱਡੀਸ ਵਿਭਾਗ ਪੰਜਾਬੀ ਯੂਨੀਵਸਿਟੀ ਰਿਜਨਲ ਸੈਂਟਰ ਬਠਿੰਡਾ ਆਪਣੇ ਕਰ ਕਮਲਾਂ ਨਾਲ ਕਰਨਗੇ ਅਤੇ ਮੈਡਮ ਰੁਪਿੰਦਰ ਰੂਪੀ ਪੰਜਾਬੀ ਫ਼ਿਲਮ ਅਦਾਕਾਰਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ ਚਲੰਤ ਮਸਲਿਆਂ ਉੱਪਰ ਸੰਵਾਦ ਵੀ ਕਰਵਾਇਆ ਜਾਵੇਗਾ। ਸੰਵਾਦ ਲਿੰਗ ਸੰਵੇਦਨਾ ਅਤੇ ਭਾਰਤੀ ਸਮਾਜ ਵਿਸ਼ੇ ਉੱਪਰ ਡਾ. ਕੁਲਦੀਪ ਸਿੰਘ ਦੀਪ, ਇਕਬਾਲ ਕੌਰ ਉਦਾਸੀ ਅਤੇ ਪ੍ਰੋ. ਹਰਪ੍ਰੀਤ ਕੌਰ ਆਪਣੇ ਵਿਚਾਰ ਸਾਂਝੇ ਕਰਨਗੇ। ਸਭਾ ਦੇ ਮੀਤ ਪ੍ਰਧਾਨ ਮਨਦੀਪ ਕੌਰ ਭਦੌੜ ਨੇ ਦੱਸਿਆ ਕਿ ਇਸ ਮੌਕੇ ਸਿਰਜਣਹਾਰੀ ਪੁਰਸਕਾਰ ਚਾਰ ਜੁਝਾਰੂ ,ਸਮਾਜ ਸੇਵੀ ਜੁਝਾਰੂ ਨਵੀਆਂ ਪਿਰਤਾਂ ਪਾਉਣ ਵਾਲੀਆਂ ਔਰਤਾਂ ਡਾ. ਸਰਬਜੀਤ ਕੌਰ ਬਰਾੜ ਪ੍ਰਧਾਨ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਮੋਗਾ , ਉੱਘੇ ਸਮਾਜਸੇਵੀ ਅਤੇ ਕਵਿੱਤਰੀ, ਦੂਜਾ ਪੁਰਸਕਾਰ ਮੈਡਮ ਰਵੀਨਾ ਖਾਨ ਪ੍ਰੈਜ਼ੀਡੈਂਟ ਵੂਮੈਨ ਕਾਫ਼ਿਲਾ- ਏ- ਮੀਰ ਆਲ ਇੰਡੀਆ ਰਜਿ:




ਪਟਿਆਲਾ , ਸਮਾਜਸੇਵੀ ਨੂੰ ਤੀਸਰਾ ਪੁਰਸਕਾਰ ਬੇਅੰਤ ਕੌਰ ਨਿਹਾਲ ਸਿੰਘ ਵਾਲਾ ਉੱਘੇ ਸਾਹਿਤਕਾਰ ਅਲੋਚਕ,ਨਾਟਕਕਾਰ ਨੂੰ ਅਤੇ ਚੌਥਾ ਪੁਰਸਕਾਰ ਲੋਕ ਸੰਘਰਸ਼ਾਂ ਦੀ ਹਾਣੀ ਜਸਵੀਰ ਕੌਰ ਜੱਸੀ ਨੂੰ ਪ੍ਰਦਾਨ ਕੀਤਾ ਜਾਵੇਗਾ।

ਮੀਡੀਆ ਇੰਚਾਰਜ ਰੁਪਿੰਦਰ ਕੌਰ ਸ਼ਹਿਣਾ ਨੇ ਦੱਸਿਆ ਕਿ ਇਸ ਮੌਕੇ ਪ੍ਰਧਾਨਗੀ ਪੈਨਲ, ਬੁਲਾਰਿਆਂ ਅਤੇ ਸਾਰੀਆਂ ਕਵਿਤਰੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਾਹਿਤਕ ਪੁਸਤਕਾਂ ਭੇਟ ਕੀਤੀਆਂ ਜਾਣਗੀਆਂ। ਹਾਜ਼ਰੀਨ ਦੇ ਚਾਰ ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸਮੂਹ ਪ੍ਰਬੰਧਕੀ ਬੋਰਡ ਡਾ ਸਰਬਜੀਤ ਕੌਰ ਬਰਾੜ,ਜਸਪ੍ਰੀਤ ਕੌਰ ਬੱਬੂ, ਪ੍ਰਦੀਪ ਕੌਰ ਟੱਲੇਵਾਲ ਉਰਵਸ਼ੀ ਗੁਪਤਾ, ਜਸਵੀਰ ਕੌਰ, ਬਲਵੀਰ ਕੌਰ, ਸੁਖਪਾਲ ਕੌਰ ਬਾਠ, ਰਜਿੰਦਰ ਕੌਰ , ਨਰਿੰਦਰ ਕੌਰ ਵੀ ਹਾਜ਼ਰ ਹੋਣਗੇ। ਲੇਖਕਾਂ ਪਾਠਕਾਂ ਅਤੇ ਸਰੋਤਿਆਂ ਨੂੰ ਸ਼ਾਮਲ ਹੋਣ ਲਈ ਸੱਦਾ ਹੈ।

# ਯੁਵਾ ਕੌਸ਼ਲ ਉਤਸਵ 3.0 ਦਾ ਉਦਘਾਟਨ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਪੰਜਾਬ ਵਿਖੇ ਹੋਇਆ

**ਨਵਾਂਸ਼ਹਿਰ /ਕਾਠਗੜ੍ਹ** ( ਜਤਿੰਦਰ ਪਾਲ ਸਿੰਘ ਕਲੇਰ ) ਰਿਆਤ ਐਜੂਕੇਸ਼ਨਲ ਐਂਡ ਰਿਸਰਚ ਟਰੱਸਟ ਦੀ ਅਗਵਾਈ ਹੇਠ ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ, ਪੰਜਾਬ ਵਿਖੇ ਦੋ ਦਿਨਾਂ ਯੁਵਾ ਕੌਸ਼ਲ ਉਤਸਵ ਸੀਜ਼ਨ 3.0 ਦਾ ਉਦਘਾਟਨ ਕੀਤਾ ਗਿਆ। ਇਸ ਦੀ ਸ਼ੁਰੂਆਤ ਮੁੱਖ ਮਹਿਮਾਨ ਦੁਆਰਾ ਪਵਿੱਤਰ ਦੀਵੇ ਜਗਾਉਣ ਨਾਲ ਹੋਈ ।ਯੂਨੀਵਰਸਿਟੀ ਦੇ ਚਾਂਸਲਰ ਸ਼੍ਰੀ ਐਨ.ਐਸ. ਰਿਆਤ ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਸ਼੍ਰੀ ਅਜੀਤ ਪਾਲ ਸਿੰਘ ਅਤੇ ਹੋਰ ਪਤਵੰਤੇ ਵੀ ਨਾਲ ਸਨ। ਉਨ੍ਹਾਂ ਨੇ ਇਸ ਸ਼ਾਨਦਾਰ ਸਮਾਗਮ ਦੇ ਆਯੋਜਨ ਲਈ ਟੀਮ ਨੂੰ ਵਧਾਈ ਦਿੱਤੀ। ਡਾ. ਏ.ਐਸ. ਚਾਵਲਾ ਵਾਈਸ ਚਾਂਸਲਰ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਪ੍ਰੋਗਰਾਮ ਪ੍ਰਬੰਧਕ ਟੀਮ ਦਾ ਸਵਾਗਤ ਕੀਤਾ ਅਤੇ ਵਧਾਈ ਦਿੱਤੀ। ਡਾ. ਚਾਵਲਾ ਨੇ ਅੱਗੇ ਕਿਹਾ ਕਿ ਦਬਾਅ ਤੋਂ ਬਿਨਾਂ ਭਾਗੀਦਾਰੀ ਸਭ ਤੋਂ ਵਧੀਆ ਹੈ ਜੋ ਸਟੇਜ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ ਜੋ ਵਿਸ਼ਵਾਸ ਪੈਦਾ ਕਰਦੀ ਹੈ ਅਤੇ ਵਿਸ਼ਵਾਸ ਸਫਲਤਾ ਦੀ ਕੁੰਜੀ ਹੈ, ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਦੀ ਪੜਚੋਲ ਕਰਨ, ਨਿਡਰਤਾ ਨਾਲ ਨਵੀਨਤਾ ਕਰਨ ਅਤੇ ਹੁਨਰ ਉੱਤਮਤਾ ਦੁਆਰਾ ਰਾਸ਼ਟਰ ਨਿਰਮਾਣ ਵਿੱਚ ਅਰਥਪੂਰਨ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਦਾ ਹੈ।

ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਭਾਰਤ ਦੀ ਪਹਿਲੀ ਉਦਯੋਗਿਕ ਹੁਨਰ ਯੂਨੀਵਰਸਿਟੀ ਹੈ, ਜੋ ਨੌਜਵਾਨਾਂ



ਨੂੰ ਭਵਿੱਖ ਲਈ ਤਿਆਰ ਰੁਜ਼ਗਾਰ ਯੋਗਤਾ ਹੁਨਰਾਂ ਨਾਲ ਸਸ਼ਕਤ ਬਣਾਉਣ ਦੇ ਮਿਸ਼ਨ ਨਾਲ ਬਣਾਈ ਗਈ ਹੈ, ਯੂਨੀਵਰਸਿਟੀ ਪਾਠਕ੍ਰਮ ਨੂੰ ਸਹਿ-ਰਚਨਾ ਕਰਨ ਲਈ ਪ੍ਰਮੁੱਖ ਗਲੋਬਲ ਤਕਨੀਕੀ ਦਿੱਗਜਾਂ ਨਾਲ ਸਹਿਯੋਗ ਕਰਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਵਿਦਿਆਰਥੀ ਦਿਨੋਂ-ਦਿਨ ਉਦਯੋਗ ਲਈ ਤਿਆਰ ਰਹਿਣ, ਹੁਨਰ-ਅਧਾਰਤ ਸਿਖਲਾਈ 'ਤੇ ਜ਼ੋਰਦਾਰ ਧਿਆਨ ਕੇਂਦ੍ਰਤ ਕਰਦੇ ਹੋਏ, ਵਿਦਿਆਰਥੀਆਂ ਨੂੰ ਚੋਟੀ ਦੇ ਉਦਯੋਗ ਮਾਹਰਾਂ ਅਤੇ ਤਜਰਬੇਕਾਰ ਸਿੱਖਿਆ ਸ਼ਾਸਤਰੀਆਂ ਦੁਆਰਾ ਸਲਾਹ ਦਿੱਤੀ ਜਾਂਦੀ ਹੈ, ਜੋ ਸਿੱਖਿਆ ਅਤੇ ਅਸਲ-ਸੰਸਾਰ ਦੀਆਂ ਜ਼ਰੂਰਤਾਂ ਵਿਚਕਾਰ ਪਾੜੇ ਨੂੰ ਪੂਰਾ ਕਰਦਾ ਹੈ ਅਤੇ ਇੱਕ ਹੁਨਰਮੰਦ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰਦਾ ਹੈ। ਯੁਵਾ ਕੌਸ਼ਲ ਉਤਸਵ ਸੀਜ਼ਨ 3.0 ਦਾ ਆਯੋਜਨ ਇੱਕ ਗਤੀਸ਼ੀਲ ਪਲੇਟਫਾਰਮ ਹੈ ਜੋ ਵਿਦਿਆਰਥੀਆਂ, ਉਦਯੋਗ ਦੇ ਨੇਤਾਵਾਂ, ਨਵੀਨਤਾਕਾਰਾਂ ਅਤੇ ਉਤਸ਼ਾਹੀਆਂ ਨੂੰ ਇਕੱਠੇ ਕਰੇਗਾ। ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਪ੍ਰੋਗਰਾਮਾਂ, ਗਤੀਵਿਧੀਆਂ ਅਤੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਵੇਂ ਕਿ ਟੈਲੇਂਟ ਹੰਟ ਔਰੇਲੀਆ, ਕਲਾਸੀਕਲ ਅਤੇ ਲੋਕ ਨਾਚ, ਰੰਗੋਲੀ, ਬਚਪਨ ਯਾਦੇਂ, ਬੈਂਚ ਪ੍ਰੈਸ, ਫਿਕਸਡ ਆਰਮ ਹੈਂਗ, ਟਗ ਆਫ ਵਾਰ, ਲੇਥ ਸਟ੍ਰਾਈਫ, ਐਥੀਕਲ ਹੈਕਿੰਗ, ਵੈਲਡ ਵਾਰੀਅਰ, ਬਿਜ਼ਨਸ ਪਲਾਨ, ਮਹਿੰਦੀ ਮੁਕ-ਾਬਲਾ ਬ੍ਰੇਨ ਸਟੌਰਮਿੰਗ ਸੈਸ਼ਨ ਗੇਮਾਂ, ਅਤੇ ਹੋਰ ਗਤੀਵਿਧੀਆਂ ਸ਼ਾਮਿਲ ਸਨ। ਇਸ ਸਮਾਗਮ ਦਾ ਉਦੇਸ਼ ਹੁਨਰ, ਤਕਨਾਲੋਜੀ ਅਤੇ ਨਵੀਨਤਾ ਦੀ ਸ਼ਕਤੀ ਦਾ ਜਸ਼ਨ ਮਨਾਉਣਾ, ਭਵਿੱਖ ਦੇ ਮੌਕਿਆਂ ਦਾ ਪ੍ਰਦਰਸ਼ਨ ਕਰਨਾ ਅਤੇ ਤਕਨੀਕੀ ਪ੍ਰਤਿਭਾ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਹੈ। ਡਾ.ਬੀ.ਐਸ.ਸਤਿਆਲ ਰਜਿਸਟਰਾਰ, ਸ੍ਰੀ ਵਿਮਲ ਮਨਹੋਤਰਾ ਸੀ.ਈ.ਓ., ਡਾ. ਐਚ.ਪੀ.ਐਸ. ਧਾਮੀ ਐਗਜ਼ੀਕਿਊਟਿਵ ਡੀਨ, ਡਾ. ਐਨ.ਐਸ. ਗਿੱਲ ਐਗਜ਼ੀਕਿਊਟਿਵ ਡੀਨ, ਡਾ: ਨਵਨੀਤ ਚੋਪੜਾ ਡੀਨ, ਡਾ. ਆਸ਼ੂਤੋਸ਼ ਸ਼ਰਮਾ ਐਗਜ਼ੀਕਿਊਟਿਵ ਡੀਨ, ਡਾ. ਸ਼ਿਆਮਲ ਕੋਲੇ ਡੀਨ,ਇੰਜ. ਅਮਨਦੀਪ ਸਿੰਘ ਡੀਨ, ਇੰਜ. ਇਸ ਮੌਕੇ ਯੂਨੀਵਰਸਿਟੀ ਦੇ ਡੀਨ ਮਨਦੀਪ ਅਟਵਾਲ ਅਤੇ ਹੋਰ ਸੀਨੀਅਰ ਅਧਿਕਾਰੀ ਅਤੇ ਵਿਦਿਆਰਥੀ ਹਾਜ਼ਰ ਸਨ।






# ਬਲਵੀਰ ਵੀਰਾ ਭੁਨਰਹੇੜੀ: ਪਿੰਡਾਂ ਦੀ ਆਵਾਜ਼ ਅਤੇ ਲੋਕ ਕਲਾਕਾਰ

ਪੰਜਾਬ ਦੇ ਪਿੰਡਾਂ ਵਿੱਚ ਅਜੇ ਵੀ ਅਜਿਹੇ ਕਲਾਕਾਰ ਮਿਲ ਜਾਂਦੇ ਹਨ ਜੋ ਵੱਡੇ ਸਟੇਜਾਂ ਤੋਂ ਦੂਰ, ਆਪਣੀ ਮਿੱਟੀ ਨਾਲ ਜੁੜੇ ਹੋਏ, ਲੋਕਾਂ ਦੇ ਦਿਲਾਂ ਵਿੱਚ ਰਾਜ ਕਰਦੇ ਹਨ। ਬਲਵੀਰ ਵੀਰਾ ਇੱਕ ਅਜਿਹਾ ਹੀ ਨਾਮ ਹੈ ਜੋ ਪਿੰਡਾਂ ਦੀ ਗਲੀਆਂ, ਮੇਲਿਆਂ ਅਤੇ ਸਮਾਗਮਾਂ ਵਿੱਚ ਗੂੰਜਦਾ ਹੈ।



### ਬਹੁਮੁਖੀ ਪ੍ਰਤਿਭਾ: ਗਾਇਕ ਅਤੇ ਗੀਤਕਾਰ

ਬਲਵੀਰ ਵੀਰਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਆਪਣੇ ਗੀਤ ਖੁਦ ਲਿਖਦਾ ਹੈ ਅਤੇ ਖੁਦ ਹੀ ਗਾਉਂਦਾ ਹੈ। ਇਹ ਸੰਜੋਗ ਉਸ ਦੇ ਗੀਤਾਂ ਵਿੱਚ ਇੱਕ ਖਾਸ ਸੱਚਾਈ ਅਤੇ ਜਜ਼ਬਾ ਭਰ ਦਿੰਦਾ ਹੈ। ਉਸ ਦੀਆਂ ਰਚਨਾਵਾਂ ਵਿੱਚ ਪਿੰਡਾਂ ਦੀ ਜ਼ਿੰਦਗੀ, ਲੋਕਾਂ ਦੇ ਦੁੱਖ-ਸੁੱਖ, ਅਤੇ ਧਰਤੀ ਦੀ ਮਿੱਠੀ ਖੁਸ਼ਬੂ ਮਹਿਸੂਸ ਹੁੰਦੀ ਹੈ।

ਆਮ ਪਿੰਡਾਂ ਵਿੱਚ ਉਸ ਦੇ ਗੀਤ ਕਾਫੀ ਮਕਬੂਲ ਹਨ ਕਿਉਂਕਿ ਉਹ ਲੋਕਾਂ ਦੀ ਆਪਣੀ ਭਾਸ਼ਾ ਵਿੱਚ, ਉਹਨਾਂ ਦੀਆਂ ਆਪਣੀਆਂ ਕਹਾਣੀਆਂ ਸੁਣਾਉਂਦਾ ਹੈ। ਉਸ ਦੇ ਸੁਰ ਸਿੱਧੇ ਦਿਲ ਨੂੰ ਛੂਹ ਜਾਂਦੇ ਹਨ ਅਤੇ ਉਸ ਦੇ ਬੋਲ ਲੋਕਾਂ ਦੇ ਜਜ਼ਬਾਤਾਂ ਨਾਲ ਜੁੜ ਜਾਂਦੇ ਹਨ।

### ਗਰੀਬਾਂ ਦਾ ਹਮਦਰਦ

ਬਲਵੀਰ ਵੀਰਾ ਸਿਰਫ਼ ਇੱਕ ਕਲਾਕ-ਾਰ ਹੀ ਨਹੀਂ, ਸਗੋਂ ਇੱਕ ਸੰਵੇਦਨਸ਼ੀਲ ਇਨਸਾਨ ਵੀ ਹੈ। ਗਰੀਬਾਂ ਦੀ ਮਦਦ ਕਰਨਾ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਜਦੋਂ ਵੀ ਕੋਈ ਲੋੜਵੰਦ ਉਸ ਕੋਲ ਆਉਂਦਾ ਹੈ, ਉਹ ਆਪਣੀ ਹੱਦ ਤੱਕ ਉਸ ਦੀ ਮਦਦ ਕਰਦਾ ਹੈ। ਉਸ ਦੀ ਇਹ ਮਾਨਵਤਾ ਉਸ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਹੋਰ ਵੀ ਉੱਚਾ ਬਣਾ ਦਿੰਦੀ ਹੈ।

ਉਹ ਮੰਨਦਾ ਹੈ ਕਿ ਕਲਾ ਅਤੇ ਸਮਾਜ ਸੇਵਾ ਦੋਵੇਂ ਇਕੱਠੇ ਚੱਲਣੇ ਚਾਹੀਦੇ ਹਨ। ਉਸ ਦੀਆਂ ਰਚਨਾਵਾਂ ਵਿੱਚ ਵੀ ਗਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਦੁੱਖ-ਦਰਦ ਦਾ ਬਿਆਨ ਮਿਲਦਾ ਹੈ।

### ਕਲਾ ਅਤੇ ਸਾਹਿਤ ਨਾਲ ਲਗਾਓ

ਬਲਵੀਰ ਵੀਰਾ ਸਿਰਫ਼ ਗਾਇਕੀ ਤੱਕ ਹੀ ਸੀਮਤ ਨਹੀਂ ਹੈ। ਉਸ ਨੂੰ ਕਲਾ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਨਾਲ ਵੀ ਡੂੰਘਾ ਲਗਾਓ ਹੈ। ਉਹ ਪੰਜਾਬੀ ਸ਼ਾਇਰੀ, ਲੋਕ ਕਥਾਵਾਂ ਅਤੇ ਸੱਭਿਆਚਾਰਕ ਪਰੰਪਰਾਵਾਂ ਦੀ ਡੂੰਘੀ ਸਮਝ ਰੱਖਦਾ ਹੈ। ਉਸ ਦੀਆਂ ਰਚਨਾਵਾਂ ਵਿੱਚ ਸਾਹਿਤਕ ਗੁਣਵੱਤਾ ਸਾਫ਼ ਝਲਕਦੀ ਹੈ।ਕਲੀਆਂ (ਕਲਾਵਾਂ) ਦਾ ਸ਼ੌਕ ਉਸ ਦੀ ਸੁਹਜਾਤਮਕ ਸੋਚ ਦਾ ਪ੍ਰਤੀਕ ਹੈ। ਉਹ ਸੁੰਦਰਤਾ ਨੂੰ ਸਾਰੇ ਰੂਪਾਂ ਵਿੱਚ ਸਰਾਹੁੰਦਾ ਹੈ ਅਤੇ ਆਪਣੀਆਂ ਰਚਨਾਵਾਂ ਵਿੱਚ ਇਸ ਸੁੰਦਰਤਾ ਨੂੰ ਸ਼ਬਦਾਂ ਵਿੱਚ ਪਿਰੋਣ ਦੀ ਕੋਸ਼ਿਸ਼ ਕਰਦਾ ਹੈ।

### ਖੇਡਾਂ ਵਿੱਚ ਰੁਚੀ

ਇੱਕ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਵੱਸਦਾ ਹੈ। ਬਲਵੀਰ ਵੀਰਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਸ ਨੂੰ ਖੇਡਾਂ ਵਿੱਚ ਵੀ ਰੁਚੀ ਹੈ ਅਤੇ ਉਹ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਵੱਖ-ਵੱਖ ਸਰੀਰਕ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਹੈ। ਪਿੰਡਾਂ ਦੀਆਂ ਪਰੰਪਰਾਗਤ ਖੇਡਾਂ ਜਿਵੇਂ ਕਬੱਡੀ, ਵਾਲੀਬਾਲ ਜਾਂ ਹੋਰ ਖੇਡਾਂ ਵਿੱਚ ਉਸ ਦੀ ਸਰਗਰਮੀ ਉਸ ਦੀ ਊਰਜਾ ਅਤੇ ਉਤਸ਼ਾਹ ਦਾ ਸਰੋਤ ਹੈ।

### ਲੋਕ ਕਲਾਕਾਰ ਦਾ ਅਸਲੀ ਰੂਪ

ਬਲਵੀਰ ਵੀਰਾ ਅਸਲ ਵਿੱਚ ਇੱਕ ਲੋਕ ਕਲਾਕਾਰ ਦੀ ਮਿਸਾਲ ਹੈ। ਉਹ ਵੱਡੀਆਂ ਸਟੂਡੀਓਜ਼ ਜਾਂ ਮਹਿੰਗੇ ਉਪਕਰਣਾਂ ਦਾ ਮੋਹਤਾਜ ਨਹੀਂ, ਪਰ ਫਿਰ ਵੀ ਉਸ ਦੀ ਆਵਾਜ਼ ਹਜ਼ਾਰਾਂ ਦਿਲਾਂ ਤੱਕ ਪਹੁੰਚਦੀ ਹੈ। ਉਸ ਦੀ ਸਰਲਤਾ, ਇਮਾਨਦਾਰੀ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਉਸ ਨੂੰ ਇੱਕ ਮਹਾਨ ਕਲਾਕਾਰ ਹੀ ਨਹੀਂ, ਬਲਕਿ ਇੱਕ ਮਹਾਨ ਇਨਸਾਨ ਬਣਾਉਂਦੀ ਹੈ।

ਪਿੰਡਾਂ ਵਿੱਚ ਜਦੋਂ ਉਸ ਦੇ ਗੀਤ ਗੂੰਜਦੇ ਹਨ, ਤਾਂ ਲੋਕ ਸਿਰਫ਼ ਇੱਕ ਗਾਇਕ ਨੂੰ ਨਹੀਂ ਸੁਣਦੇ, ਸਗੋਂ ਆਪਣੀ ਆਪਣੀ ਕਹਾਣੀ, ਆਪਣਾ ਦਰਦ ਅਤੇ ਆਪਣੀ ਖੁਸ਼ੀ ਸੁਣਦੇ ਹਨ। ਬਲਵੀਰ ਵੀਰਾ ਉਹਨਾਂ ਦਾ ਆਪਣਾ ਕਲਾਕਾਰ ਹੈ, ਜੋ ਉਹਨਾਂ ਦੇ ਨਾਲ ਹੈ, ਉਹਨਾਂ ਵਿੱਚੋਂ ਇੱਕ ਹੈ।ਅਜਿਹੇ ਕਲਾਕਾਰ ਪੰਜਾਬ ਦੀ ਅਸਲ ਦੌਲਤ ਹਨ, ਜੋ ਬਿਨਾਂ ਕਿਸੇ ਦਿਖਾਵੇ ਦੇ, ਆਪਣੀ ਮਿੱਟੀ ਨਾਲ ਜੁੜੇ ਹੋਏ, ਸੱਭਿਆਚਾਰ ਦੀ ਰਾਖੀ ਕਰਦੇ ਹਨ।



ਬਿੰਦਰ ਸਾਹਿਤ ਇਟਲੀ

# ਸਰਕਾਰੀ ਅਧਿਕਾਰੀਆਂ ਨੂੰ ਪੰਜਾਬੀ ਸ਼ਬਦਾਂ ਤੋਂ ਪਰਹੇਜ਼ ਕਿਉਂ?

## ਮੁੱਖ ਮੰਤਰੀ ਨੂੰ ਮਾਂ-ਬੋਲੀ ਦੀ ਹੋਂਦ ਬਚਾਉਣ ਲਈ ਗੁਹਾਰ

**ਸੰਗਰੂਰ (ਦੀਪਿਕਾ ਸ਼ਰਮਾ):** ਪੰਜਾਬੀ ਮਾਂ-ਬੋਲੀ ਦੇ ਸਤਿਕਾਰ ਅਤੇ ਪ੍ਰਸਾਰ ਦੇ ਸਰਕਾਰੀ ਦਾਅਵਿਆਂ ਦੇ ਬਾਵਜੂਦ, ਅਜੋਕੇ ਸਮੇਂ ਵਿੱਚ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਵੱਲੋਂ ਸਰਕਾਰੀ ਅਹੁਦਿਆਂ ਲਈ ਪੰਜਾਬੀ ਸ਼ਬਦਾਂ ਦੀ ਥਾਂ ਅੰਗਰੇਜ਼ੀ ਸ਼ਬਦਾਵਲੀ ਨੂੰ ਤਰਜੀਹ ਦੇਣਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਮਾਂ ਬੋਲੀ ਦੇ ਸੇਵਕ ਰਮੇਸ਼ਵਰ ਸਿੰਘ ਵੱਲੋਂ ਚੁੱਕੇ ਗਏ ਨੁਕਤਿਆਂ ਅਨੁਸਾਰ, ਬਹੁਤ ਸਾਰੇ ਵਿਭਾਗੀ ਮੁੱਖੀ ਆਪਣੇ ਨਾਮ ਨਾਲ 'ਨਿਰਦੇਸ਼ਕ' ਲਿਖਣ ਦੀ ਬਜਾਏ 'ਡਾਇਰੈਕਟਰ' ਲਿਖਣਾ ਵਧੇਰੇ ਸ਼ਾਨ ਵਾਲੀ ਗੱਲ ਸਮਝਦੇ ਹਨ, ਜੋ ਕਿ ਸਿੱਧੇ ਤੌਰ 'ਤੇ ਸਾਡੀ ਮਾਂ-ਬੋਲੀ ਦੀ ਅਣਦੇਖੀ ਹੈ। ਭਾਸ਼ਾ ਵਿਭਾਗ ਦੇ ਨਿਰਦੇਸ਼ਕ ਸਰਦਾਰ ਜਸਵੰਤ ਸਿੰਘ ਜੀ ਨੂੰ ਡਾਇਰੈਕਟਰ ਲਿਖਣ ਸਬੰਧੀ ਰਮੇਸ਼ਵਰ ਸਿੰਘ ਨੇ ਜਦੋਂ ਚਿੱਠੀ ਲਿਖੀ ਤਾਂ ਉਨ੍ਹਾਂ ਨੇ



ਦਫ਼ਤਰ; ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
(ਪ੍ਰਚਾਲਣ ਸਾਖਾ)

ਵੱਲ

ਸ੍ਰੀ ਰਾਮੇਸ਼ਵਰ ਸਿੰਘ,
ਸੁਨਾਮੀ ਗੇਟ, ਸੰਗਰੂਰ।
ਈ.ਮੇਲ ਆਈ.ਡੀ rameshwarsinghpandher@gmail.com

ਨੰ.ਪੰ.ਪ੍ਰਚਾ.(ਈ.ਮੇਲ-3)-2026/ 1809
ਮਿਤੀ, ਪਟਿਆਲਾ/ 23/02/2026

ਵਿਸ਼ਾ:- ਪੰਜਾਬੀ ਭਾਸ਼ਾ ਦੀ ਮਾਣ-ਮਰਿਆਦਾ ਸਬੰਧੀ ਖ਼ਤ।

ਉਪਰੋਕਤ ਵਿਸ਼ੇ ਤੇ ਤੁਹਾਡੇ ਈ.ਮੇਲ ਪੱਤਰ ਪੱਤਰ ਮਿਤੀ 30.01.2026 ਅਤੇ 01.02.2026 ਵਿਭਾਗ ਨੂੰ ਸਰਕਾਰ ਦੇ ਪੱਤਰ ਨੰ. HED-EDUC011/5/2024-2EDUCELL/1/1310454/2026, ਮਿਤੀ ਰਾਹੀਂ ਪ੍ਰਾਪਤ ਹੋਏ ਹਨ। ਜਿਨ੍ਹਾਂ ਵਿਚ ਤੁਹਾਡੇ ਵੱਲੋਂ ਡਾਇਰੈਕਟਰ ਦੀ ਥਾਂ ਨਿਰਦੇਸ਼ਕ ਸ਼ਬਦ ਵਰਤਣ ਬਾਰੇ ਲਿਖਿਆ ਗਿਆ ਹੈ, ਸਬੰਧੀ ਦੱਸਿਆ ਜਾਂਦਾ ਹੈ ਪੰਜਾਬੀ (ਗੁਰਮੁਖੀ ਲਿਪੀ) ਵਿਚ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦਾਂ ਨੂੰ ਤਤਸਮ ਰੂਪ ਵਿਚ ਅਪਣਾਇਆ ਹੋਇਆ ਹੈ। ਇਹ ਇਕ ਪ੍ਰਚੱਲਤ ਸ਼ਬਦ ਹੈ, ਇਸ ਲਈ director ਸ਼ਬਦ ਨੂੰ ਡਾਇਰੈਕਟਰ ਵੀ ਲਿਖਿਆ ਜਾ ਸਕਦਾ ਹੈ। ਤੁਹਾਡੇ ਪੱਤਰਾਂ ਵਿਚ ਵੀ ਉਰਦੂ/ਫਾਰਸੀ ਦੇ ਕਈ ਸ਼ਬਦ ਤਤਸਮ ਰੂਪ ਵਿਚ ਵਰਤੇ ਗਏ ਹਨ।

ਸਹਾਇਕ ਡਾਇਰੈਕਟਰ (ਖੇਤਰ)
ਭਾਸ਼ਾ ਵਿਭਾਗ, ਪੰਜਾਬ

ਕਿਹਾ ਕਿ ਨਿਰਦੇਸ਼ਕ ਤੇ ਡਾਇਰੈਕਟਰ ਇੱਕੋ ਸ਼ਬਦ ਹਨ, ਡਾਇਰੈਕਟਰ ਲਿਖਣਾ ਬਿਲਕੁਲ ਸਹੀ ਹੈ ਇਥੋਂ ਤੱਕ ਕਿ ਰਮੇਸ਼ਵਰ ਸਿੰਘ ਨੂੰ ਇਹ ਵੀ ਲਿਖਿਆ ਕਿ ਤੁਸੀਂ ਆਪਣੀ ਭਾਸ਼ਾ ਦੇ ਵਿੱਚ ਅਰਬੀ ਤੇ ਫਾਰਸੀ ਸ਼ਬਦਾਂ ਦੀ ਵਰਤੋਂ ਕਰਦੇ ਹੋ ਇਹ ਕੌਣ ਨਹੀਂ ਜਾਣਦਾ ਕਿ ਪੰਜਾਬੀ ਮਾਂ ਬੋਲੀ ਦਾ ਆਧਾਰ ਫਾਰਸੀ ਤੇ ਸੰਸਕ੍ਰਿਤ ਮੁੱਖ ਰੂਪ ਵਿੱਚ ਰਿਹਾ ਹੈ।

ਇੱਥੇ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਸਾਡੀ ਆਪਣੀ ਭਾਸ਼ਾ ਵਿੱਚ ਵਜ਼ਨਦਾਰ ਅਤੇ ਸਪੱਸ਼ਟ ਸ਼ਬਦ ਮੌਜੂਦ ਹਨ, ਤਾਂ ਅਸੀਂ ਪੰਜਾਬੀ ਵਿੱਚ ਅੰਗਰੇਜ਼ੀ ਸ਼ਬਦਾਂ ਦੀ ਘੁਸਪੈਠ ਹੋਣ ਹੀ ਕਿਉਂ ਦੇਈਏ? ਜੇਕਰ ਅਸੀਂ ਅੱਜ ਆਪਣੇ ਅਹੁਦਿਆਂ ਅਤੇ ਰੋਜ਼ਾਨਾ ਦੇ ਕੰਮਕਾਜ ਵਿੱਚ ਅੰਗਰੇਜ਼ੀ ਸ਼ਬਦਾਂ ਨੂੰ ਬਿਨਾਂ ਵਜ੍ਹਾ ਥਾਂ ਦੇਵਾਂਗੇ, ਤਾਂ ਆਉਣ ਵਾਲੀਆਂ ਨਸਲਾਂ ਦੀ ਜ਼ਬਾਨ ਵਿੱਚੋਂ ਪੰਜਾਬੀ ਸ਼ਬਦ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ। ਇਹ ਵਰਤਾਰਾ ਸਿਰਫ਼ ਨਿਰਦੇਸ਼ਕ ਸ਼ਬਦ ਤੱਕ ਹੀ ਸੀਮਤ ਨਹੀਂ, ਸਗੋਂ 'ਪ੍ਰਧਾਨ' ਦੀ ਥਾਂ 'ਚੇਅਰਮੈਨ' ਅਤੇ 'ਲੰਬੜਦਾਰ' ਦੀ ਥਾਂ 'ਨੰਬਰਦਾਰ', ਕਨੇਡਾ ਨੂੰ ਕੈਨੇਡਾ ਚੀਨ ਨੂੰ ਚਾਈਨਾ, ਜਗਰਾਓ ਨੂੰ ਜਗਰਾਉਂ ਵਰਗੇ ਸ਼ਬਦਾਂ ਨੇ ਵੀ ਸਾਡੀ ਅਮੀਰ ਸ਼ਬਦਾਵਲੀ



ਰਾਮੇਸ਼ਵਰ ਸਿੰਘ

ਨੂੰ ਪਿੱਛੇ ਧੱਕ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਸ਼ਾ ਵਿਭਾਗ ਵਰਗੀਆਂ ਸੰਸਥਾਵਾਂ ਵੀ ਇਨ੍ਹਾਂ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਨੂੰ ਇਹ ਕਹਿ ਕੇ ਜਾਇਜ਼ ਠਹਿਰਾ ਰਹੀਆਂ ਹਨ ਕਿ ਇਹ ਸਮਝਣ ਵਿੱਚ ਸੌਖੇ ਹਨ, ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿੱਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਸਿਰਫ਼ ਅਰਥ ਸਮਝਾਉਣ ਲਈ ਕੀਤੀ ਗਈ ਸੀ, ਨਾ ਕਿ ਉਨ੍ਹਾਂ ਨੂੰ ਮੂਲ ਸ਼ਬਦ ਵਜੋਂ ਅਪਣਾਉਣ ਲਈ। ਪੰਜਾਬੀ ਭਾਸ਼ਾ ਨੇ ਹਮੇਸ਼ਾ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਲੋੜ ਅਨੁਸਾਰ ਆਪਣੇ ਢਾਂਚੇ ਵਿੱਚ ਢਾਲਿਆ ਹੈ, ਪਰ ਬੇਲੋੜੀ ਅੰਗਰੇਜ਼ੀ ਸ਼ਬਦਾਵਲੀ ਜਿਵੇਂ 'ਰਿਕਵੈਸਟ' ਜਾਂ 'ਡਾਇਰੈਕਟਰ' ਦਾ ਗਲਬਾ ਭਾਸ਼ਾ ਦੀ ਮੂਲ ਹੋਂਦ ਲਈ ਖ਼ਤਰਾ ਹੈ। ਜੇਕਰ ਮੁੱਖ ਮੰਤਰੀ ਆਪਣੇ ਅਹੁਦੇ ਲਈ 'ਚੀਫ਼ ਮਨਿਸਟਰ' ਦੀ ਥਾਂ 'ਮੁੱਖ ਮੰਤਰੀ' ਸ਼ਬਦ ਦੀ ਵਰਤੋਂ ਕਰਕੇ ਮਾਣ ਮਹਿਸੂਸ ਕਰ ਸਕਦੇ ਹਨ, ਤਾਂ ਬਾਕੀ ਅਧਿਕਾਰੀਆਂ ਨੂੰ ਵੀ ਨਿਰਦੇਸ਼ਕ ਲਿਖਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਅੰਤ ਵਿੱਚ, ਇਹ ਮੰਗ ਕੀਤੀ ਜਾਂਦੀ ਹੈ ਕਿ ਪੰਜਾਬ ਸਰਕਾਰ ਸਮੂਹ ਵਿਭਾਗਾਂ ਨੂੰ ਸਖ਼ਤ ਹਿਦਾਇਤਾਂ ਜ਼ਾਰੀ ਕਰਕਰੇ ਤਾਂ ਜੋ ਸਰਕਾਰੀ ਤਖ਼ਤੀਆਂ ਅਤੇ ਕੰਮਕਾਜ ਵਿੱਚ ਪੰਜਾਬੀ ਸ਼ਬਦਾਵਲੀ ਨੂੰ ਲਾਜ਼ਮੀ ਬਣਾ ਕੇ ਮਾਂ-ਬੋਲੀ ਦਾ ਗੌਰਵ ਬਹਾਲ ਕੀਤਾ ਜਾ ਸਕੇ ਅਤੇ ਇਸ ਭਾਸ਼ਾਈ ਘੁਸਪੈਠ ਨੂੰ ਸਖ਼ਤੀ ਨਾਲ ਰੋਕਿਆ ਜਾ ਸਕੇ।

# ਵੰਡ ਦੇ ਜ਼ਖ਼ਮਾਂ ਦਾ ਸੰਤਾਪ ਹੰਢਾ ਰਹੀਆਂ ਪੀੜ੍ਹੀਆਂ – ਜਗਤਾਰ ਸਿੰਘ ਹਿੱਸੋਵਾਲ

ਅੰਗਰੇਜ਼ਾਂ ਵੱਲੋਂ 15 ਅਗਸਤ 1947 ਨੂੰ ਹਿੰਦੋਸਤਾਨ ਦੀ ਆਜ਼ਾਦੀ ਦੇ ਨਾਮ ਦੇਸ਼ ਨੂੰ ਦੋ ਟੁਕੜਿਆਂ ਵਿੱਚ ਵੰਡ ਕੇ ਭਾਰਤ ਮਾਤਾ ਦੇ ਸੀਨੇ ਨੂੰ ਅਜਿਹਾ ਜ਼ਖ਼ਮ ਦਿੱਤਾ ਹੈ,ਜੋ ਅਜੇ ਤੱਕ ਭਰਿਆ ਨਹੀਂ ਹੈ ਬਲਕਿ ਇਸਦਾ ਦਰਦ ਪੀੜ੍ਹੀ ਦਰ ਪੀੜ੍ਹੀ ਤੁਰਿਆ ਆ ਰਿਹਾ ਹੈ। ਏਧਰੋਂ ਉੱਜੜ ਕੇ ਗਏ ਜਾਂ ਓਧਰੋਂ ਉੱਜੜ ਕੇ ਆਏ ਲੋਕ ਭਾਵੇਂ ਆਪਣੀ ਉਮਰ ਹੰਢਾ ਕੇ ਇਸ ਦੁਨੀਆਂ ਤੋਂ ਰੁਖ਼ਸਤ ਤਾਂ ਹੋ ਗਏ ਹਨ ਪਰ ਉਹਨਾਂ ਅੰਦਰ ਵੰਡ ਦਾ ਦਰਦ ਸਾਰੀ ਉਮਰ ਰਿਸਦਾ ਰਿਹਾ ਹੈ ਅਤੇ ਅੱਖਾਂ ਥਾਈਂ ਵਹਿੰਦਾ ਰਿਹਾ ਹੈ। ਉਹ ਆਪ ਤਾਂ ਚਲੇ ਪਰ ਆਪਣੀ ਮਿੱਟੀ ਤੋਂ ਬੇਗਾਨੇ ਹੋਣ ਦਾ ,ਆਪਣਿਆਂ ਤੋਂ ਵਿੱਛੜਨ ਦਾ ,ਆਪਣੇ ਘਰ ਬਾਰ ਛੱਡਣ ਦਾ ਅਤੇ ਆਪਣਿਆਂ ਨੂੰ ਗੁਆ ਲੈਣ ਦਾ ਦਰਦ ਆਪਣੇ ਪੁੱਤ ਧੀਆਂ ਦੇ ਦਿਲ ਵਿੱਚ ਛੱਡ ਗਏ ਹਨ। ਜਿਨ੍ਹਾਂ ਨੇ ਆਪਣੇ ਬਾਪ ਦਾਦਿਆਂ ਦੀਆਂ ਸਿਮ੍ਰਤੀਆਂ ਨੂੰ ਆਪਣੇ ਚੇਤਿਆਂ ਵਿੱਚ ਸਹੇਜ ਕੇ ਰੱਖਿਆ ਹੈ ।ਜਦੋਂ ਵੀ ਕਦੇ ਉਹਨਾਂ ਦੇ ਪੁਰਖਿਆਂ ਦੇ ਦੇਸ਼ ਤੋਂ ਕੋਈ ਠੰਢੀ ਹਵਾ ਦਾ ਝੋਂਕਾ ਆਉਂਦਾ ਹੈ ਤਾਂ ਫਿਰ ਉਹੀ ਪੁਰਖਿਆ ਦੇ ਜ਼ਖ਼ਮਾਂ ਦੀ ਪੀੜ ਫਿਰ ਸਿਰ ਚੁੱਕ ਲੈਂਦੀ ਹੈ।

ਪਿਛਲੇ ਮਹੀਨੇ ਜਦੋਂ ਫੇਸਬੁੱਕ ਤੇ 'ਮੇਰਾ ਪਿੰਡ ਹਿੱਸੋਵਾਲ' ਨਾਮ ਦਾ ਪੇਜ਼ ਬਣਾਇਆ ਸੀ ਤਾਂ ਏਨੀ ਉਮੀਦ ਨਹੀਂ ਸੀ ਕਿ ਪਿੰਡ ਤੋਂ ਬਾਹਰ ਦੇਸ਼ ਵਿਦੇਸ਼ ਵਿੱਚ ਰਹਿਣ ਲੋਕ ਏਨੀ ਸ਼ਿੱਦਤ ਨਾਲ ਪੇਜ਼ ਤੇ ਨਿੱਠ ਕੇ ਮਿਲਣਗੇ। ਪਿੰਡ ਦੀਆਂ ਦੇਸ਼ ਵਿਦੇਸ਼ ਵਿੱਚ ਵਸਦੀਆਂ ਕੁੜੀਆਂ ਮੁੜ ਪਿੰਡ ਨਾਲ ਜੁੜ ਗਈਆਂ ।ਹਰ ਰੋਜ਼ ਯਾਦਾਂ ਸਾਂਝੀਆਂ ਹੋਣ ਲੱਗੀਆਂ। ਮਿੱਟੀ ਨਾਲ ਮੋਹ ਮੁਹੱਬਤ ਦੀਆਂ ਦੁਬਾਰਾ ਗੱਲਾਂ ਤੁਰ ਪਈਆਂ। ਪੇਜ਼ ਤੇ ਪਿੰਡ ਧੜਕ ਪਿਆ।

ਬੜੇ ਹੀ ਹੈਰਾਨ ਕਰਨ ਵਾਲੇ ਮੈਸੇਜ ਆਏ ,ਇੱਕ ਨੇ ਲਿਖਿਆ 'ਮੈਨੂੰ ਉਣੰਜਾ ਸਾਲ ਹੋ ਗਏ ਪਿੰਡ ਤੋਂ ਗਏ ਪਰ ਏਹ ਪਿੰਡ ਮੇਰਾ ਵੀ ਹੈ ।' ਕਿਸੇ ਨੇ ਲਿਖਿਆ,'ਵੀਰ ,ਮੈਂ ਪਿੰਡ ਦੀ ਕੁੜੀ ਹਾਂ,ਫੇਰ ਕੀ ਆ ਵਿਦੇਸ਼ ਰਹਿੰਦੀ ਹਾਂ ਪਰ ਇਹ ਪਿੰਡ ਮੇਰਾ ਵੀ ਹੈ ।'



ਦਰਗਾਹ ਹਜ਼ਰਤ ਸ਼ੇਖ ਮੁਹੰਮਦ ਸਾਹਿਬ ਪਿੰਡ ਹਿੱਸੋਵਾਲ

ਪੇਜ਼ ਅਜਿਹਾ ਤੁਰਿਆ ਕਿ ਪਿੰਡ ਦਾ ਵਾਸੀ ਜਿੱਥੇ ਵੀ ਕਿਤੇ ਵਸਦਾ ਸੀ ,ਨੂੰ ਆਪਣੇ ਕਲਾਵੇ ਵਿੱਚ ਲੈਂਦਾ ਗਿਆ। ਦਿਨੋਂ-ਦਿਨ ਇਸ ਦਾ ਘੇਰਾ ਵਿਸ਼ਾਲ ਹੋਣ ਲੱਗਿਆ।ਫਿਰ ਇੱਕ ਦਿਨ ਅਜਿਹਾ ਆਇਆ ਕਿ ਲਹਿੰਦੇ ਪੰਜਾਬ ਤੋਂ ਮੀਆਂ ਅਨੀਸ ਅਹਿਮਦ ਦੀ ਫਰੈਂਡ ਰੀਕੁਐਸਟ ਆਈ ਤੇ ਨਾਲ ਇੱਕ ਮੋਹ ਭਰਿਆ ਮੈਸੇਜ ਵੀ ਸੀ ਕਿ 'ਪਿੰਡ ਹਿੱਸੋਵਾਲ ਵਿੱਚ ਮੇਰੇ ਪੁਰਖਿਆਂ ਦਾ ਅਸਥਾਨ ਹੈ। ....ਇਹ ਪਿੰਡ ਮੇਰੇ ਪੁਰਖਿਆਂ ਦਾ ਵੀ ਹੈ।'

ਜਦੋਂ ਮੀਆਂ ਅਨੀਸ ਅਹਿਮਦ ਨੇ ਅਸਥਾਨ ਤਾਂ ਜ਼ਿਕਰ ਕੀਤਾ ਤਾਂ ਮੇਰਾ ਸਹਿਜ ਹੀ ਪਿੰਡ ਵਿਚਲੀ ਖਾਨਗਾਹ ਤੇ ਬਣੀ ਬਾਬਾ ਹਜ਼ਰਤ ਸ਼ੇਖ ਮੁਹੰਮਦ ਸਾਹਿਬ ਦੀ ਦਰਗਾਹ ਵੱਲ ਧਿਆਨ ਚਲਿਆ ਗਿਆ ।ਜਿੱਥੇ ਹਰ ਵੀਰਵਾਰ ਲੋਕ ਚਿਰਾਗੀਂ ਤੇਲ ਪਾਉਣ ਜਾਂਦੇ ਹਨ ਅਤੇ ਹਰ ਸਾਲ ਏਥੇ ਮੇਲਾ ਲੱਗਦਾ ਹੈ। ਮੈਂ ਵੀ ਏਥੇ ਨਿੱਕੇ ਹੁੰਦਿਆਂ ਸੇਵਾ ਕਰਦਾ ਰਿਹਾ ਹਾਂ ਜਦੋਂ ਏਥੇ ਸਾਈਂ ਗ਼ੁਲਾਮ ਜੀ ਹੁੰਦੇ ਸਨ। ਅਨੀਸ ਅਹਿਮਦ ਨੇ ਅਗਲੇ ਮੈਸੇਜ ਵਿੱਚ ਦੱਸਿਆ ਕਿ ਏਥੇ ਖਾਨਗਾਹ ਤੇ ਮੇਰੇ ਵੱਡੇ ਬਾਬਾ ਹਜ਼ਰਤ ਸ਼ੇਖ ਮੁਹੰਮਦ ਸਾਹਿਬ ਦਾ ਅਸਥਾਨ ਹੈ । ਇਹ ਜਾਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਹੈ ਕਿ ਜਿਸ ਮੁਕੱਦਸ ਅਸਥਾਨ ਤੇ ਅਸੀਂ ਪਿੰਡ ਵਾਸੀ ਦਹਾਕਿਆਂ ਤੋਂ ਨਤਮਸਤਕ ਹੋ ਰਹੇ ਹਾਂ ਉਸ ਅਸਥਾਨ ਦੇ ਮਾਲਕ ਬਾਬਾ ਜੀ ਦਾ ਪਰਿਵਾਰ ਮਿਲ ਗਿਆ ਹੈ।



ਮੀਆਂ ਅਨੀਸ ਅਹਿਮਦ



ਜਗਤਾਰ ਸਿੰਘ ਹਿੱਸੋਵਾਲ

ਅਗਲੀਆਂ ਗੱਲਬਾਤਾਂ ਵਿੱਚ ਉਸਨੇ ਦੱਸਿਆ ਕਿ 'ਮੇਰੇ ਪਿਤਾ ਦਾ ਨਾਮ ਰਫ਼ੀਕ ਅਹਿਮਦ ਸੀ ਜੋ ਬਾਬਾ ਹਜ਼ਰਤ ਸ਼ੇਖ ਮੁਹੰਮਦ ਸਾਹਿਬ ਦੀ ਗੱਦੀ ਦੇ ਸੱਤਵੇਂ ਫ਼ਕੀਰ ਸਨ । ਬਾਬਾ ਹਜ਼ਰਤ ਸ਼ੇਖ ਮੁਹੰਮਦ ਸਾਹਿਬ ਬਾਬਾ ਫਰੀਦ ਸ਼ਕਰਗੰਜ ਜੀ ਦੇ ਅਨੁਯਾਈ ਸਨ।ਤੇ ਬਾਬਾ ਜੀ ਦੀ ਫ਼ਕੀਰੀ ਪਰੰਪਰਾ ਦਾ ਸੱਤਵੀਂ ਲੜੀ ਨਾਲ ਅੰਤ ਹੋ ਗਿਆ। ਜੋ ਏਥੇ ਤੱਕ ਹੀ ਜਾਰੀ ਰਹਿਣੀ ਸੀ ।'

ਇਸ ਦੇ ਨਾਲ ਹੀ ਮੀਆਂ ਅਨੀਸ ਅਹਿਮਦ ਨੇ ਵੰਡ ਸਮੇਂ ਦੀਆਂ ਪਿੰਡ ਦੀਆਂ ਭਾਈਚਾਰਕ ਸਾਂਝ ਨੂੰ ਬਿਆਨ ਕਰਦੀਆਂ ਕਾਫੀ ਗੱਲਾਂ ਸਾਂਝੀਆਂ ਕੀਤੀਆਂ ਜੋ ਉਸ ਨੂੰ ਉਸਦੀ ਦਾਦੀ ਜੀ ਦੱਸਿਆ ਕਰਦੀ ਸੀ ।ਉਸ ਨੇ ਆਪਣੇ ਪੂਰਵਜਾਂ ਦੇ ਨਾਵਾਂ ਦਾ ਜ਼ਿਕਰ ਕੀਤਾ ,ਪਿੰਡ ਵਿਚਲੇ ਘਰਾਂ ਬਾਰੇ ਦੱਸਿਆ ਅਤੇ ਵਿੱਛੜੇ ਰਿਸ਼ਤਿਆਂ ਨੂੰ ਯਾਦ ਕੀਤਾ ।ਹੁਣ ਉਹ ਜਦੋਂ ਵੀ ਗੱਲ-ਬਾਤ ਕਰਦਾ ਹੈ ਉਸਦੀ ਗੁਫਤਗੂ ਵਿੱਚੋ ਵੰਡ ਦੇ ਸੰਤਾਪ ਦਾ ਦਰਦ ਸਾਫ਼ ਝਲਕਦਾ ਹੈ। ਅੰਗਰੇਜ਼ਾਂ ਨੇ ਲੋਕਾਂ ਨੂੰ ਧਰਤੀ ਤੇ ਵੰਡ ਦੀ ਲਕੀਰ ਖਿੱਚ ਕੇ ਵੱਖੋ ਵੱਖਰੇ ਤਾਂ ਕਰ ਦਿੱਤਾ ਹੈ ਪਰ ਦਿਲਾਂ ਨੂੰ ਅੱਜ ਤੱਕ ਨਹੀਂ ਵੰਡ ਸਕੇ । ਇਸ ਪਰਿਵਾਰ ਦੀ ਮੈਨੂੰ ਇੱਕ ਗੱਲ ਬਹੁਤ ਚੰਗੀ ਲੱਗੀ ਹੈ, ਜਿਵੇਂ ਏਧਰ ਅਸੀਂ ਆਪਣੇ ਪਿੰਡ ਦੇ ਨਾਮ ਤੋਂ ਆਪਣੀ ਪਛਾਣ ਰੱਖਦੇ ਹਾਂ, ਉਸੇ ਤਰ੍ਹਾਂ ਮੀਆਂ ਅਨੀਸ ਅਹਿਮਦ ਦੇ ਪਰਿਵਾਰ ਨੂੰ ਲਹਿੰਦੇ ਪੰਜਾਬ ਵਿੱਚ 'ਮੀਆਂ ਹਿੱਸੋਵਾਲ' ਕਹਿੰਦੇ ਹਨ। ਕਿੰਨਾ ਵੱਡਾ ਦੁਖਾਂਤ ਹੈ ਜਿਸ ਮਿੱਟੀ ਤੋਂ ਉਨ੍ਹਾਂ ਦੇ ਪੁਰਖੇ ਬੇਗਾਨੇ ਹੋਏ ਉਸ ਮਿੱਟੀ ਨੂੰ ਨਾਲ ਲੈ ਅੱਜ ਵੀ ਉਨ੍ਹਾਂ ਦੀ ਅਜੋਕੀ ਪੀੜ੍ਹੀ ਜੀਅ ਰਹੀ ਹੈ।

ਉਸਨੇ ਦੱਸਿਆ ਕਿ 'ਉਸਦੇ ਪਿਤਾ ਮੀਆਂ ਰਫ਼ੀਕ ਅਹਿਮਦ ਅਜਮੇਰ ਸ਼ਰੀਫ਼ (ਭਾਰਤ) ਵਿੱਚ ਦਰਸ਼ਨਾਂ ਲਈ ਆਏ ਸਨ ।ਉਹਨਾਂ ਨੇ ਅਜਮੇਰ ਸ਼ਰੀਫ਼ ਤੋਂ ਪਿੰਡ ਹਿੱਸੋਵਾਲ (ਪੰਜਾਬ) ਜਾਣ ਲਈ ਅਧਿਕਾਰੀਆਂ ਦਾ ਕਾਫੀ ਤਰਲਾ ਕੀਤਾ ਸੀ ਪਰ ਉਹਨਾਂ ਨੂੰ ਪੰਜਾਬ ਆਉਣ ਦੀ ਇਜਾਜ਼ਤ ਨਹੀਂ ਮਿਲੀ ਸੀ ।'ਇਹ ਦੱਸਦਾ ਹੋਇਆ ਮੀਆਂ ਅਨੀਸ ਅਹਿਮਦ ਖ਼ੁਦ ਭਾਵੁਕ ਹੋ ਗਿਆ ਸੀ ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਜੋ ਦਰਦ, ਵਿਛੋੜਾ, ਘਰ-ਬਾਰ ਛੱਡਣ ਮਜ਼ਬੂਰੀ ਅਤੇ ਖ਼ੂਨ-ਖਰਾਬਾ ਪੁਰਖਿਆਂ ਨੇ ਹੰਢਾਇਆ ਸੀ, ਉਹ ਸਿਰਫ਼ ਉਸ ਸਮੇਂ ਤੱਕ ਸੀਮਤ ਨਹੀਂ ਹੈ । ਉਸ ਦੇ ਨਿਸ਼ਾਨ, ਯਾਦਾਂ ਅਤੇ ਮਾਨਸਿਕ ਸੱਟਾਂ ਅੱਜ ਵੀ ਪੀੜ੍ਹੀ ਦਰ ਪੀੜ੍ਹੀ ਮਹਿਸੂਸ ਕੀਤੀਆਂ ਜਾ ਰਹੀਆਂ ਹਨ। ਉਰਦੂ ਸ਼ਾਇਰ ਮੁਜ਼ੱਫਰ ਨਜ਼ਮੀਂ ਨੇ ਸੱਚ ਹੀ ਲਿਖਿਆ ਹੈ :-

ਯੇ ਜਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ ।

**132,ਸਿੰਗਲਾ ਇਨਕਲੇਵ**
**ਰਾਏਕੋਟ ਰੋਡ,ਮੁੱਲਾਂਪੁਰ**
**ਜ਼ਿਲ੍ਹਾ ਲੁਧਿਆਣਾ**

# ਪ੍ਰੇਰਨਾਦਾਇਕ ਅਤੇ ਬਹੁਤ ਪ੍ਰਭਾਵਸ਼ਾਲੀ ਰਿਹਾ ਪੰਜਾਬੀ ਥੀਏਟਰ ਦੇ ਮਾਣਯੋਗ ਚਿਹਰੇ ਕੇਵਲ ਧਾਲੀਵਾਲ ਨਾਲ ਪ੍ਰੋਗਰਾਮ ਸਿਰਜਣਾ ਦੇ ਆਰ ਪਾਰ

**ਬਰੈਂਪਟਨ ( ਰਮਿੰਦਰ ਵਾਲੀਆ )** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ "ਸਿਰਜਨਾ ਦੇ ਆਰ ਪਾਰ " 23 ਫਰਵਰੀ ਦਿਨ ਸੋਮਵਾਰ ਨੂੰ ਕਰਵਾਇਆ ਗਿਆ ।ਇਹ ਪ੍ਰੋਗਰਾਮ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੰਜਾਬੀ ਰੰਗਮੰਚ ਦੇ ਪ੍ਰਸਿੱਧ ਨਾਟਕਕਾਰ ਅਤੇ ਨਿਰਦੇਸ਼ਕ ਕੇਵਲ ਧਾਲੀਵਾਲ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਰਮਿੰਦਰ ਰੰਮੀ ਨੇ ਵੀ ਸਤਿਕਾਰ ਸਹਿਤ ਜੀ ਆਇਆ ਆਖਦਿਆਂ ਦਰਸ਼ਕਾਂ ਦਾ ਸਵਾਗਤ ਕੀਤਾ। ਉਹਨਾਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ । ਉਹਨਾਂ ਨੇ ਕੇਵਲ ਧਾਲੀਵਾਲ ਜੀ ਦਾ ਸ਼ੁਕਰੀਆ ਅਦਾ ਕੀਤਾ ਕਿ ਅੱਜ ਉਹਨਾਂ ਨਿਉਤਾ ਸਵੀਕਾਰ ਕਰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਤੇ ਕੁਲਜੀਤ ਜੀ ਨੇ ਸਿਰਜਨਾ ਦੇ ਆਰ ਪਾਰ ਵਿੱਚ ਉਹਨਾਂ ਦਾ ਰੂਬਰੂ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਰੰਗਮੰਚ ਨਾਲ ਜੁੜੀ ਹਸਤੀ ਦਲਬੀਰ ਸੋਨਾ ਵੱਲੋਂ ਕੀਤੀ ਗਈ।ਉਹਨਾਂ ਨੇ ਕੇਵਲ ਧਾਲੀਵਾਲ ਜੀ ਦੇ ਜੀਵਨ ਦੇ ਬਾਰੇ ਵਿੱਚ , ਉਹਨਾਂ ਦੇ ਨਾਟਕਾਂ ਅਤੇ ਉਹਨਾਂ ਦੇ ਪਿਆਰੇ ਤੇ ਨਿੱਘੇ ਸੁਭਾਅ ਦੇ ਬਾਰੇ ਸਾਰਿਆਂ ਨਾਲ ਸਾਂਝ ਪਾਈ । ਉਨ੍ਹਾਂ ਨੇ ਕੇਵਲ ਧਾਲੀਵਾਲ ਦੇ ਮਾਰਗਦਰਸ਼ਨ ਨੂੰ ਆਪਣੇ ਜੀਵਨ ਲਈ ਮਾਰਗਦਰਸ਼ਕ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਆਮਦ ਸਾਰੇ ਪੰਜਾਬੀ ਪ੍ਰੇਮੀਆਂ ਲਈ ਖੁਸ਼ਗਵਾਰ ਅਤੇ ਲਾਹੇਵੰਦ ਹੈ।

ਸੀ . ਮੀਤ ਪ੍ਰਧਾਨ ਅਤੇ ਮਾਡਰੇਟਰ ਪ੍ਰੋ. ਕੁਲਜੀਤ ਕੌਰ ਨੇ ਸੰਵਾਦਾਤਮਕ ਅੰਦਾਜ਼ ਵਿੱਚ ਕੇਵਲ ਧਾਲੀਵਾਲ ਦੀ ਜੀਵਨ ਯਾਤਰਾ, ਸੰਘਰਸ਼ ਅਤੇ ਰੰਗਮੰਚੀ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਇਸ ਦੌਰਾਨ ਕੇਵਲ ਧਾਲੀਵਾਲ ਨੇ ਆਪਣੇ ਪਰਿਵਾਰਕ ਪਿਛੋਕੜ, ਮਾਤਾ-ਪਿਤਾ ਅਤੇ ਪਤਨੀ




ਅਰਵਿੰਦਰ ਕੌਰ ਧਾਲੀਵਾਲ ਦੇ ਸਹਿਯੋਗ ਦਾ ਜ਼ਿਕਰ ਕਰਦਿਆਂ ਕਿਹਾ ਕਿ ਰੰਗਮੰਚ ਉਨ੍ਹਾਂ ਲਈ ਜੀਵਨ ਦਾ ਅਟੁੱਟ ਹਿੱਸਾ ਹੈ।ਉਨ੍ਹਾਂ ਨੇ ਦੱਸਿਆ ਕਿ ਉਹ 250 ਤੋਂ ਵੱਧ ਨਾਟਕਾਂ ਦਾ ਨਿਰਦੇਸ਼ਨ, 150 ਤੋਂ ਵੱਧ ਵਿੱਚ ਅਭਿਨਯ ਅਤੇ 6000 ਤੋਂ ਵੱਧ ਸਟੇਜ ਪ੍ਰਦਰਸ਼ਨ ਕਰ ਚੁੱਕੇ ਹਨ। 25 ਲਾਈਟ ਐਂਡ ਸਾਊਂਡ ਸ਼ੋਅ ਅਤੇ ਅਨੇਕਾਂ ਸਟੇਜ ਡਿਜ਼ਾਈਨਾਂ ਰਾਹੀਂ ਉਨ੍ਹਾਂ ਨੇ ਰੰਗਮੰਚ ਨੂੰ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਦੀਆਂ ਕਈ ਰਚਨਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ ਅਤੇ ਉਹ ਵਿਦੇਸ਼ਾਂ ਵਿੱਚ ਵੀ ਪੰਜਾਬੀ ਥੀਏਟਰ ਦੀ ਨੁਮਾਇੰਦਗੀ ਕਰ ਚੁੱਕੇ ਹਨ। ਫਿਰ ਸੰਸਥਾ ਦੀ ਬੈਕ ਬੋਨ ਅਤੇ ਚੇਅਰਪਰਸਨ ਡਾ. ਸਰਬਜੀਤ ਕੌਰ ਸੋਹਲ ਨੇ ਕੇਵਲ ਧਾਲੀਵਾਲ ਦੇ ਯੋਗਦਾਨ ਨੂੰ ਵੱਡਮੁੱਲਾ ਦੱਸਦਿਆਂ ਕਿਹਾ ਕਿ ਉਹ ਸਮਾਜਿਕ ਸਰੋਕਾਰਾਂ ਨਾਲ ਜੁੜੇ ਨਾਟਕ ਰਾਹੀਂ ਅਗਾਂਹਵਧੂ ਵਿਚਾਰ ਪੇਸ਼ ਕਰਦੇ ਹਨ। ਇਸ ਮੌਕੇ ਕੈਨੇਡੀਅਨ ਪੰਜਾਬੀ ਸਭਾ ਦੇ ਅਹੁਦੇਦਾਰ ਮਲੂਕ ਸਿੰਘ ਕਾਹਲੋਂ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਦਲਬੀਰ ਸਿੰਘ ਕਥੂਰੀਆ ਅਤੇ



ਸਿਫ਼ਰ ਸਤਬੀਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਜ ਵੀਕਲੀ ਨਿਊਜ਼

ਅੰਤ ਵਿੱਚ ਸੰਸਥਾ ਦੇ ਚੇਅਰਮੈਨ ਸ. ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰੋਗਰਾਮ ਨੂੰ ਸਮੇਟਦਿਆਂ ਕਿਹਾ ਕਿ ਨਾਟਕ ਲਿਖਣਾ, ਖੇਡਣਾ ਅਤੇ ਨਿਰਦੇਸ਼ਨ ਕਰਨਾ ਬੜੀ ਜ਼ਿੰਮੇਵਾਰੀ ਦਾ ਕੰਮ ਹੈ, ਜਿਸਨੂੰ ਕੇਵਲ ਧਾਲੀਵਾਲ ਬਾਖੂਬੀ ਨਿਭਾ ਰਹੇ ਹਨ। ਉਨ੍ਹਾਂ ਇਸ ਸਮਾਗਮ ਨੂੰ ਦੇਸ਼-ਵਿਦੇਸ਼ ਵਿੱਚ ਬੈਠੇ ਦਰਸ਼ਕਾਂ ਲਈ ਲਾਹੇਵੰਦ ਕਰਾਰ ਦਿੱਤਾ। ਆਏ ਹੋਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ । ਪ੍ਰੋਗਰਾਮ ਦੇ ਅੰਤ ਵਿੱਚ ਫਰਵਰੀ ਮਹੀਨੇ ਦਾ ਈ-ਮੈਗਜ਼ੀਨ ਰਿਲੀਜ਼ ਕੀਤਾ ਗਿਆ। ਸਮਾਗਮ ਵਿੱਚ ਵਿਜੇਤਾ ਰਾਜ , ਹਰਜੀਤ ਬਮਰਾ , ਗੁਰ-ਚਰਨ ਸਿੰਘ ਜੋਗੀ, ਡਾ. ਜੋਤੀ ਮਾਂਗਟ, ਰਾਜਬੀਰ ਕੌਰ ਗਰੇਵਾਲ, ਸੁਨੀਲ ਚੰਦਿਆਣਵੀ , ਸਤਿੰਦਰ ਸਿੰਘ ਓਢੀ . ਅਮਰ ਕੌਰ ਬੇਦੀ ਸਮੇਤ ਕਈ ਸਾਹਿਤਕ ਅਤੇ ਸਾਂਸਕ੍ਰਿਤਿਕ ਹਸਤੀਆਂ ਦੇਸ਼ ਵਿਦੇਸ਼ ਤੋਂ ਸ਼ਾਮਲ ਹੋਈਆਂ।

ਅੰਤ ਵਿੱਚ ਸੱਭ ਦਾ ਧੰਨਵਾਦ ਕਰਦੇ ਹੋਏ ਰਮਿੰਦਰ ਰੰਮੀ ਨੇ ਕਿਹਾ ਕਿ :-

" ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

**ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ,**

**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਬਣਾਉਟੀ ਬੁੱਧੀ

ਅੱਜ ਕੰਪਿਊਟਰ ਯੁੱਗ ਹੈ ਅਤੇ ਇਸ ਦੀ ਬਣਾਉਟੀ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਏ ਆਈ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ, ਜੋ ਕਿ ਆਮ ਮਨੁੱਖੀ ਬੁੱਧੀ ਨਾਲ ਸਬੰਧਿਤ ਕਾਰਜਾਂ ਨੂੰ ਕਰਨ ਲਈ ਹਰ ਖੇਤਰ ਵਿੱਚ ਸਭ ਤੋਂ ਵੱਡੀ ਲੋੜ ਬਣਦੀ ਜਾ ਰਹੀ ਹੈ। ਇਸ ਲਈ, ਇਸ ਦੀਆਂ ਕੁੱਝ ਮੁੱਖ ਵਿਸ਼ੇਸ਼ਤਾਵਾਂ, ਉਪਯੋਗ, ਉਨ੍ਹਾਂ ਦੀ ਸਿਖਲਾਈ, ਤਰਕ, ਸਮੱਸਿਆ-ਹੱਲ, ਧਾਰਨਾ ਅਤੇ ਫ਼ੈਸਲਾ ਲੈਣਾ ਸਿੱਖਿਆਦਾਇਕ ਹੋਵੇਗਾ।

ਤਾਂ ਪਹਿਲਾ ਸਵਾਲ ਇਹ ਉੱਠਦਾ ਹੈ --- ਇਸ ਦੇ ਹੁਨਰ ਦੀ ਲੋੜ ਜਾਂ ਅਨੁਕੂਲਤਾ ਬਾਰੇ ।

ਅਸੀਂ ਜਾਣਦੇ ਹਾਂ ਕਿ ਦੁਨੀਆਂ ਲਗਾਤਾਰ ਬਦਲ ਰਹੀ ਹੈ, ਪਰ ਅੱਜ ਦੀ ਦੁਨੀਆ ਪਹਿਲਾਂ ਨਾਲੋਂ ਬਹੁਤ ਤੇਜ਼ ਗਤੀ ਨਾਲ ਬਦਲ ਰਹੀ ਹੈ। ਜਿਸ ਦੁਨੀਆ ਵਿੱਚ ਅਸੀਂ ਸਵੇਰੇ ਉੱਠਦੇ ਹਾਂ, ਉਹ ਸ਼ਾਮ ਤੱਕ ਬਹੁਤ ਜ਼ਿਆਦਾ ਬਦਲ ਜਾਂਦੀ ਹੈ। ਗਿਆਨ ਅਤੇ ਲੋੜਾਂ ਪਹਿਲਾਂ ਵਾਂਗ ਸਾਰ ਵਿੱਚ ਨਹੀਂ ਰਹਿੰਦੀਆਂ। ਅਜਿਹੀ ਸਥਿਤੀ ਵਿੱਚ, ਸਵਾਲ ਇਹ ਹੈ ਕਿ ਕੀ ਸਾਰੇ ਕੋਲ ਅਜਿਹਾ ਹੁਨਰ ਹੈ ਕਿ ਅਸੀਂ ਇਸ ਬਦਲਦੇ ਰੁਝਾਨ ਨਾਲ ਅੱਗੇ ਵਧਣ ਲਈ ਤਿਆਰ ਹਾਂ ਜਾਂ ਨਹੀਂ? ਇਹ ਉਹ ਬਿੰਦੂ ਹੈ ਜਿਸ ਨੂੰ ਅੱਜ ਦੇ ਮਾਹਿਰ ਵਾਰ-ਵਾਰ ਦੁਹਰਾ ਰਹੇ ਹਨ ਕਿ ਸਾਡੀ ਆਰਥਿਕਤਾ ਵਿੱਚ ਅਨੁਕੂਲਤਾ ਦੇ ਹੁਨਰ ਵਧੇਰੇ ਮਹੱਤਵਪੂਰਨ ਹੋਣੇ ਚਾਹੀਦੇ ਹਨ।

ਪਰ ਇਹ ਕਿਉਂ ਕਿਹਾ ਜਾ ਰਿਹਾ ਹੈ ਅਤੇ ਇਸ ਦਾ ਕੀ ਅਰਥ ਹੈ?

ਆਓ ਆਪਾਂ ਇਸ ਬੌਧਿਕ ਨਦੀ ਵਿੱਚ ਉਤਰੀਏ ਅਤੇ ਆਪਣੇ ਆਪ ਵੇਖੀਏ ਕਿ ਕੀ ਬਦਲਾਅ ਆਉਂਦੇ ਹਨ?

ਹੁਨਰ ਇੱਕ ਬਦਲਦੀ ਹਕੀਕਤ ਹੈ। ਕੁੱਝ ਦਹਾਕੇ ਪਹਿਲਾਂ, ਜੇਕਰ ਕੋਈ ਵਿਅਕਤੀ ਟਾਈਪ ਕਰਨਾ ਸਿੱਖਦਾ ਸੀ, ਟਾਈਪ ਮਸ਼ੀਨ ਚਲਾਉਣਾ ਜਾਣਦਾ ਸੀ ਜਾਂ ਕਿਸੇ ਕਾਰਖਾਨੇ ਵਿੱਚ ਕਿਸੇ ਖ਼ਾਸ ਹੁਨਰ ਵਿੱਚ ਮਾਹਿਰ ਹੁੰਦਾ ਸੀ ਤਾਂ ਉਸ ਨੂੰ ਜੀਵਨ ਭਰ ਰੁਜ਼ਗ-ਾਰ ਮਿਲਣ ਦਾ ਯਕੀਨ ਹੁੰਦਾ ਸੀ। ਹੁਨਰ ਇੱਕ ਤਰ੍ਹਾਂ ਦੀ 'ਨੌਕਰੀ ਦੀ ਗਰੰਟੀ' ਸੀ, ਪਰ ਹੁਣ ਉਹ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ।

ਤੁਸੀਂ ਜਾਣਦੇ ਹੋ ਕਿ ਅੱਜਕੱਲ੍ਹ ਇੱਕ ਨਵਾਂ ਐਪ ਬਣਾਉਟੀ ਬੁੱਧੀ(ਆਰਟੀਫੀਸ਼ੀਅਲ ਇੰਟੈਲੀਜੈਂਸ) (ਏ ਆਈ) , ਇੱਕ ਸਵੈਚਾਲਿਤ ਪ੍ਰਣਾਲੀ ਜਾਂ ਮੋਡੀਊਲ ਆਮ ਵਰਤੋਂ ਵਿੱਚ ਆ ਗਿਆ ਹੈ, ਜੋ ਇੱਕ ਪਲ ਵਿੱਚ ਉਹ ਕਰ ਸਕਦਾ ਹੈ, ਜੋ ਸਿੱਖਣ ਵਿੱਚ ਸਾਨੂੰ ਕਈ ਸਾਲਾਂ ਦਾ ਸਮਾਂ ਲੱਗਦਾ ਸੀ।

ਇਸ ਲਈ ਸਵਾਲ ਉੱਠਦਾ ਹੈ, ਕੀ ਸਿੱਖੇ ਗਏ ਹੁਨਰ ਹੁਣ ਪੁਰਾਣੇ ਹੋ ਗਏ ਹਨ ?

ਜਵਾਬ ਹਾਂ, ਦੇ ਨਾਲ-ਨਾਲ ਨਹੀਂ - -- ਕਿਉਂਕਿ ਹੁਨਰਾਂ ਦੀ ਜ਼ਰੂਰਤ ਹੁਣ ਅਸਥਾਈ ਹੋ ਗਈ ਹੈ। ਇੱਕ ਹੁਨਰ ਜੋ ਅੱਜ ਉਪਯੋਗੀ ਹੈ, ਕੱਲ੍ਹ 'ਅਪ੍ਰਸੰਗਿਕ' ਹੋ ਸਕਦਾ ਹੈ। ਅਨੁਕੂਲਤਾ ਅੱਜ ਸਮੇਂ ਦੀ ਅਸਲ ਲੋੜ ਹੈ। ਹੁਣ ਉਹੀ ਲੋਕ ਸਫਲ ਹੋਣਗੇ ਜੋ ਨਾ ਸਿਰਫ਼ ਸਿੱਖਦੇ ਹਨ ਸਗੋਂ ਨਵੀਆਂ ਚੀਜ਼ਾਂ ਸਿੱਖਣ ਅਤੇ ਇਸ ਨਾਲ ਜੁੜੇ ਰਹਿਣ ਦੀ ਯੋਗਤਾ ਵੀ ਰੱਖਦੇ ਹਨ। ਜੋ ਨਵੀਆਂ ਸਥਿਤੀਆਂ, ਤਕਨਾਲੋਜੀਆਂ ਅਤੇ ਚੁਨੌਤੀਆਂ ਦੇ ਅਨੁਸਾਰ ਆਪਣੇ-ਆਪ ਨੂੰ ਮੁੜ ਸੁਰਜੀਤ ਕਰ ਸਕਦੇ ਹੋਣ ।

ਫਿਰ ਇਹ "ਅਨੁਕੂਲਤਾ" ਕੀ ਹੈ?

ਇਹ ਇੱਕ ਬਹੁਤ ਹੀ ਸਰਲ ਪਰ ਬਹੁਤ ਸ਼ਕਤੀਸ਼ਾਲੀ ਮਾਨਸਿਕ ਅਤੇ ਭਾਵਨਾਤਮਕ ਯੋਗਤਾ ਹੈ। ਹੁਨਰ ਪ੍ਰਾਪਤ ਕਰਨ ਤੋਂ ਬਾਅਦ, ਕੋਈ ਵੀ ਵਿਅਕਤੀ ਅੱਪਡੇਟ ਕੀਤੀਆਂ ਪ੍ਰਕਿਰਿਆਵਾਂ ਜਾਂ ਕਾਰਜਾਂ ਨਾਲ ਆਪਣੇ ਕਾਰੋਬਾਰ ਨੂੰ ਬਿਹਤਰ ਬਣਾ ਸਕਦਾ ਹੈ ਅਤੇ ਅੱਗੇ ਵਧ ਸਕਦਾ ਹੈ।

ਮੰਨ ਲਓ,ਤੁਸੀਂ ਵੈੱਬ ਵਿਕਾਸ ਬਾਰੇ ਸਿੱਖਿਆ ਹੈ, ਪਰ ਕੀ ਹੋਵੇਗਾ ਜੇਕਰ ਦੋ ਸਾਲਾਂ ਬਾਅਦ ਮੂਲ ਕੰਪਨੀ ਅਜਿਹੇ ਸਾਧਨ ਲਿਆਉਂਦੀ ਹੈ ਜੋ ਖੁਦ ਵੈੱਬਸਾਈਟਾਂ ਬਣਾਉਂਦੇ ਹਨ ਅਤੇ ਉਸ ਨੂੰ ਪੁਰਾਣਾ ਕਹਿ ਕੇ ਕੰਮ ਕਰਨ ਤੋਂ ਹਟਾ ਦਿੱਤਾ ਜਾਵੇ ? ਕੀ ਤੁਸੀਂ ਆਪਣੇ ਆਪ ਬੈਠ ਕੇ ਵਿਰਲਾਪ ਕਰੋਗੇ? ਜਾਂ ਕੀ ਤੁਸੀਂ ਆਪਣੀ ਸੋਚ, ਗਿਆਨ ਅਤੇ ਹੁਨਰ ਨੂੰ ਅਪਗ੍ਰੇਡ ਕਰੋਗੇ?

ਇਹ ਉਹ ਥਾਂ ਹੈ ਜਿੱਥੇ ਅਨੁਕੂਲਤਾ ਤੁਹਾਡਾ ਸਭ ਤੋਂ ਵੱਡਾ ਹਥਿਆਰ ਬਣ ਜਾਂਦੀ ਹੈ। ਅਨੁਕੂਲਤਾ ਸਿਰਫ਼ ਵਿੱਤੀ ਬਚਾਅ ਬਾਰੇ ਨਹੀਂ ਹੈ - ਇਹ ਮਨ ਦੀ ਇੱਕ ਅਧਿਆਤਮਿਕ ਅਵਸਥਾ ਵੀ ਹੈ.. ਇਹ ਸਿਰਫ਼ ਇੱਕ ਸੰਸਾਰਿਕ ਜ਼ਰੂਰਤ ਨਹੀਂ ਹੈ - ਇਹ ਦ੍ਰਿਸ਼ਟੀ ਦਾ ਅੰਦਰੂਨੀ ਵਿਸਥਾਰ ਵੀ ਹੈ। ਇਹ ਆਪਣੇ ਆਪ ਨੂੰ 'ਸੀਮਤ' ਤੋਂ 'ਅਸੀਮਤਾ' ਵੱਲ ਲਿਜਾਣ ਦਾ ਯਤਨ ਹੈ। ਇਹ ਮਨੁੱਖ ਦੇ ਅੰਦਰ ਇੱਕ ਵਿਕਾਸਵਾਦੀ ਯਾਤਰਾ ਹੈ, ਜੋ ਉਸ ਨੂੰ ਸਥਿਰ ਸੋਚ ਤੋਂ ਬਾਹਰ ਕੱਢਦੀ ਹੈ ਅਤੇ ਉਸ ਨੂੰ ਵਗਦੀ ਧਾਰਾ ਵਿੱਚ ਲਿਆਉਂਦੀ ਹੈ। ਇੱਕ ਵਿਅਕਤੀ ਜੋ ਸਿੱਖਣ ਲਈ ਢਿੱਲਾ ਹੈ, ਯਕੀਨਨ ਸਨਮਾਨਜਨਕ ਜੀਵਨ ਜਿਊਣ ਤੋਂ ਡਰਦਾ ਹੈ।

ਇਸ ਵਿਸ਼ੇ ਦੇ ਪਿਛੋਕੜ ਵਿੱਚ, ਕੁੱਝ ਮਹੱਤਵਪੂਰਨ ਸਵਾਲ, ਜੋ ਹਰ ਨੌਜਵਾਨ ਨੂੰ ਆਪਣੇ-ਆਪ ਤੋਂ ਪੁੱਛਣੇ ਚਾਹੀਦੇ ਹਨ:

ਕੀ ਮੇਰੇ ਮੌਜੂਦਾ ਅਪਣਾਏ ਗਏ ਹੁਨਰ ਆਉਣ ਵਾਲੇ ਸਾਲਾਂ ਵਿੱਚ ਉਪਯੋਗੀ ਹੋਣਗੇ? ਕੀ ਮੈਂ ਨਵੇਂ ਰੁਝਾਨਾਂ, ਵਿਗਿਆਨਾਂ ਅਤੇ ਹੁਨਰਾਂ ਨੂੰ ਸਿੱਖਣ ਲਈ ਮਾਨਸਿਕ ਤੌਰ 'ਤੇ ਤਿਆਰ ਹਾਂ? ਕੀ ਮੇਰੇ ਵਿੱਚ ਸਮੇਂ ਦੇ ਨਾਲ ਆਪਣੇ ਆਪ ਨੂੰ ਬਦਲਣ ਦੀ ਹਿੰਮਤ ਹੈ? ਕੀ ਮੈਂ ਆਪਣੇ ਹੰਕਾਰ ਨੂੰ ਪਾਸੇ ਰੱਖ ਕੇ ਦੁਬਾਰਾ 'ਵਿਦਿਆਰਥੀ' ਬਣਨ ਲਈ ਤਿਆਰ ਹਾਂ?

ਜੇਕਰ ਇਹਨਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਹੈ, ਤਾਂ ਤੁਹਾਡੇ ਲਈ ਸਮੇਂ ਦੇ ਅਨੁਕੂਲ ਹੋਣਾ ਜ਼ਰੂਰੀ ਹੈ। ਸਵੈ-ਸੁਧਾਰ ਅਤੇ ਗਿਆਨ ਨੂੰ ਆਧੁਨਿਕ ਰੱਖਣਾ ਚਾਹੀਦਾ ਹੈ, ਕਿਉਂਕਿ ਭਵਿੱਖ ਦੀ ਦੁਨੀਆ ਉਨ੍ਹਾਂ ਦੀ ਹੈ ਜੋ ਬਦਲਦੇ ਪ੍ਰਗਤੀਸ਼ੀਲ ਸਮੇਂ ਦੇ ਨਾਲ ਮੇਲ ਖਾਂਦੇ ਹਨ - ਸਿਰਫ਼ ਹੁਨਰਮੰਦ ਨਹੀਂ। ਕੰਪਿਊਟਰ - ਬਣਾਉਟੀ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਤਾਲਮੇਲ ਰੱਖਦੇ ਹੋਣ।



ਸ਼ਿਵਾਨੀ ਚੌਧਰੀ ਕਾਂਗੜਾ
(ਹਿਮਾਚਲ ਪ੍ਰਦੇਸ਼)

# ਡੱਬੀਆਂ ਵਾਲਾ ਖੇਸ

ਕਈ ਸਾਲਾਂ ਬਾਅਦ ਕਰਨੈਲ ਸਿੰਘ, ਮਲਾਇਆ (ਮਲੇਸ਼ੀਆ)ਤੋਂ ਵੀਹ ਕੁ ਦਿਨਾਂ ਲਈ ਪਿੰਡ ਛੁੱਟੀ ਆਇਆ ਸੀ।ਜਨਵਰੀ ਦਾ ਮਹੀਨਾ,ਠੰਡ ਜੋਰਾਂ 'ਤੇ ਸੀ। ਸਵੇਰੇ ਸਵੇਰੇ ਜਦੋਂ ਉਸ ਦਾ ਭਤੀਜਾ ਸੀਤਲ ਸਿੰਘ ਚਿੱਟੀਆਂ ਕਾਲੀਆਂ ਡੱਬੀਆਂ ਵਾਲੇ ਖੇਸ ਦੀ ਬੁਕੱਲ ਮਾਰ ਕੇ ਜੰਗਲ-ਪਾਣੀ ਜਾਣ ਲਈ ਘਰੋਂ ਨਿਕਲਦਾ ਸੀ ਤਾਂ ਉਸ ਦੇ ਸਰੀਰ ਨੂੰ ਝੁਣਝਣੀ ਜਹੀ ਆ ਜਾਦੀਂ ਸੀ,ਤੇ ਉਹ ਅੱਖਾਂ ਮੀਚ ਕੇ (ਬੰਦ ਕਰ ਕੇ)ਕੁਝ ਭੁਲਾਉਣ ਦੀ ਕੋਸ਼ਿਸ਼ ਕਰਨ ਲਗਦਾ ਸੀ। ਉਸ ਦੀ ਛੁੱਟੀ ਖਤਮ ਹੋਣ ਵਾਲੀ ਸੀ, ਹੋਰ ਦੋ ਦਿਨ ਬਾਅਦ ਉਸ ਨੇ ਵਾਪਸ ਮੁੜ ਜਾਣਾਂ ਸੀ। ਅੱਜ ਸਵੇਰੇ ਜਦੋ ਦਰਸ਼ਨ ਖੇਸ ਦੀ ਬੁਕੱਲ ਮਾਰ,ਬਾਹਰ ਜਾਣ ਲਈ ਆਪਣੇ ਕਮਰੇ ਵਿੱਚੋਂ ਬਾਹਰ ਆਇਆ ਤਾਂ ਕਰਨੈਲ ਸਿੰਘ ਤੋਂ ਰਿਹਾ ਨਾ ਗਿਆ।" ਆਹ ਆਪਣਾਂ ਖੇਸ ਮੈਨੂੰ ਦੇਦੇ ਜਾਰ।"

ਸੀਤਲ ਸਿੰਘ ਨੇ ਇਕ ਨਜ਼ਰ ਆਪਣੇ ਚਾਚੇ ਵਲ ਦੇਖਿਆ," ਆਹ ਲੈ ਚਾਚਾ," ਸੀਤਲ ਸਿੰਘ ਨੇ ਖੇਸ ਉਸ ਦੇ ਮੰਜੇ 'ਤੇ ਰੱਖਦਿਆਂ ਕਿਹਾ। " ਆਹ ਨਵਾਂ ਖੇਸ ਤੁਹਾਡੇ ਸਿਰਹਾਣੇ ਪਿਆ।"

ਸੀਤਲ ਸਿੰਘ ਹੈਰਾਨ ਹੋ ਰਿਹਾ ਸੀ।

"ਇਹ ਖੇਸ ਮੈ ਨਾਲ ਲੈ ਕੇ ਜਾਣਾਂ,ਮਲਾਇਆ।" ਕਰਨੈਲ ਸਿੰਘ ਨੇ ਦੂਸਰੇ ਪਾਸੇ ਵਲ ਝਾਕਦਿਆਂ ਕਿਹਾ।

ਸੀਤਲ ਸਿੰਘ ਹੋਰ ਵੀ ਹੈਰਾਨ ਹੋ ਰਿਹਾ ਸੀ

"ਮੈ ਤੈਨੂੰ ਸੰਦੂਕ 'ਚੋ ਨਵਾਂ ਖੇਸ ਕੱਢ ਕੇ ਦਿੰਦੀ ਆਂ,ਨਾਲ ਲਿਜਾਣ ਲਈ।ਤੂੰ ਇਹ ਪੁਰਾਣਾ ਕਿਉਂ ਲੈ ਕੇ ਜਾਣਾਂ ।" ਰਸੋਈ 'ਚੋਂ ਕਾਹਲੀ ਨਾਲ ਉਠ ਆਉਂਦੀ ਸੀਤਲ ਦੀ ਮਾਂ ਗੁਰਮੀਤ ਕੌਰ ਨੇ ਕਿਹਾ।

" ਨਹੀਂ ਭਾਬੀ,ਮੈ ਆਹ ਕਾਲੀਆਂ-ਚਿੱਟੀਆਂ ਡੱਬੀਆਂ ਵਾਲਾ ਖੇਸ ਹੀ ਲੈ ਕੇ ਜਾਣਾਂ। ਮੈ ਆਪਣਾਂ ਅਤੀਤ ਨਹੀਂ ਭੁਲਣਾਂ ਚਾਂਹੁੰਦਾ ਭਾਬੀ ।" ਕਰਨੈਲ ਸਿੰਘ ਦੇ ਚੇਹਰੇ 'ਤੇ ਕੋਈ ਪੁਰਾਣਾਂ ਦਰਦ ਉਭਰ ਆਇਆ ਸੀ।

ਕਰਨੈਲ ਸਿੰਘ ਨੂੰ ਯਾਦ ਆ ਰਿਹਾ ਸੀ ਕਿਸ ਤਰਾਂ ਘਰੈਲੂ ਤੰਗੀ ਕਾਰਨ,ਦਸਵੀਂ ਕਲਾਸ ਤੱਕ ਕਾਲੀਆਂ-ਚਿੱਟੀਆ ਡੱਬੀਆਂ ਵਾਲੇ ਇੱਕ ਹੀ ਖੇਸ ਦੀ ਬੁਕੱਲ ਮਾਰ ਸਕੂਲ ਜਾਇਆ ਕਰਦਾ ਸੀ।ਇਸ ਕਰਕੇ ਕਈ ਮੁੰਡੇ ਉਸ ਦਾ ਮਜਾਕ ਵੀ ਉੜਾਇਆ ਕਰਦੇ ਸਨ।ਉਸ ਨੂੰ ਯਾਦ ਆ ਰਿਹਾ ਸੀ ਕਿ ਕਿਸ ਤਰਾਂ ਜਦੋਂ ਪੜਾਈ ਪੂਰੀ ਕਰਨ ਤੋਂ ਬਾਅਦ, ਹਾਈ ਸਕੂਲ ਵਿੱਚ ਮਾਸਟਰ ਦੀ ਨੋਕਰੀ ਮਿਲਦਿਆੰ ਹੀ ਉਸ ਦੇ ਸਕੂਲ ਦਾ ਹੈਡਮਾਸਟਰ,ਆਪਣੀ ਜਾਣ ਪਹਿਚਾਣ ਚ ਰਿਸ਼ਤਾ ਕਰਨ ਲਈ ਜ਼ੋਰ ਪਾਉਣ ਲੱਗਾ ਸੀ।ਅਤੇ ਜਦੋਂ ਆਪਣੇ ਘਰ ਦੀ ਹਾਲਤ ਦੇਖਦੇ ਹੋਏ ਇਸ ਰਿਸ਼ਤੇ ਤੋਂ ਨਾਂਹ ਨੁੱਕਰ ਕੀਤੀ ਸੀ ਤਾਂ ਕਿਸ ਤਰਾਂ ਸੱਭ ਦੇ ਸਾਹਮਣੇ ਉਸ ਦੀ ਬੇਇਜ਼ਤੀ ਕਰਦਿਆਂ ਕਿਹਾ ਸੀ ਕਿ ਪੈਰੀਂ ਚੱਪਲ ਪਾ ਖੇਸ ਦਾ ਝੁੰਬ ਮਾਰ ਕੇ ਸਕੂਲ ਆਇਆ ਕਰਦਾ ਸੀ ਤੂੰ।ਨੋਕਰੀ ਮਿਲਦੇ ਹੀ ਭੁੱਲ ਗਿਆਂ ਸਾਰਾ ਕੁਝ ?"

" ਕਿਓ ਦਿਲ ਛੋਟਾ ਕਰਦਾਂ,ਪੁਰਾਣੀਆਂ ਗੱਲਾਂ ਯਾਦ ਕਰ ਕੇ । ਛੱਡ ਪੁਰਾਣੀਆਂ ਗੱਲਾਂ ਨੂੰ ।"ਗੁਰਮੀਤ ਕੌਰ ਉਸ ਨੂੰ ਹੌਸਲਾ ਦੇਣ ਦੀ ਕੌਸ਼ਿਸ਼ ਕਰ ਰਹੀ ਸੀ।

"ਨਹੀਂ ਭਾਬੀ,ਮੈ ਕੁਝ ਨਹੀਂ ਭੁੱਲ ਸਕਦਾ,ਆਪਣਾਂ ਅਤੀਤ ਭੁਲਣਾਂ ਵੀ ਨਹੀਂ ਚਾਹੀਦਾ।ਇਹ ਖੇਸ ਮੇਰੇ ਅਟੈਚੀ 'ਤੇ ਰੱਖ ਦੇ "।



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

# “ਨਿਆਂ, ਬਰਾਬਰੀ ਤੇ ਇੱਜ਼ਤ ਲਈ ਮਜ਼ਦੂਰਾਂ ਦਾ ਕੋਈ ਧਰਮ ਨਹੀਂ” – ਲੈਸਟਰ ਹਿੰਸਾ ਰਿਪੋਰਟ ਤੋਂ ਬਾਅਦ ਏਕਤਾ ਦੀ ਅਪੀਲ: ਇੰਡੀਆਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.)

**ਸਮਾਜ ਵੀਕਲੀ ਯੂ ਕੇ-** ਲੈਸਟਰ- ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ), ਜੋ ਲੈਸਟਰ ਵਿੱਚ ਮਜ਼ਬੂਤ ਜੜ੍ਹਾਂ ਵਾਲੀ ਰਾਸ਼ਟਰੀ ਸੰਸਥਾ ਹੈ, 2022 ਵਿੱਚ ਲੈਸਟਰ ਵਿੱਚ ਹੋਈ ਅਸ਼ਾਂਤੀ ਬਾਰੇ ਆਈ ਇੰਡਿਪੈਂਡੈਂਟ ਕਮਿਸ਼ਨ ਦੀ ਰਿਪੋਰਟ ਦਾ ਸਵਾਗਤ ਕਰਦੀ ਹੈ। ਐਸੋਸੀਏਸ਼ਨ ਦਾ ਮੰਨਣਾ ਹੈ ਕਿ ਇਹ ਰਿਪੋਰਟ ਸਾਨੂੰ ਸੋਚਣ, ਸਿੱਖਣ ਅਤੇ ਅੱਗੇ ਲਈ ਇਕੱਠੇ ਕੰਮ ਕਰਨ ਦਾ ਮੌਕਾ ਦਿੰਦੀ ਹੈ ਤਾਂ ਜੋ ਐਸੀਆਂ ਘਟਨਾਵਾਂ ਮੁੜ ਨਾ ਹੋਣ।

ਲੈਸਟਰ ਕਈ ਸਾਲਾਂ ਤੋਂ ਬ੍ਰਿਟੇਨ ਦਾ ਇੱਕ ਕਾਮਯਾਬ ਬਹੁ-ਸੰਸਕ੍ਰਿਤਿਕ ਸ਼ਹਿਰ ਮੰਨਿਆ ਜਾਂਦਾ ਹੈ, ਜਿੱਥੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਅਤੇ ਪਿਛੋਕੜ ਵਾਲੇ ਲੋਕ ਸ਼ਾਂਤੀ ਨਾਲ ਰਹਿੰਦੇ ਆਏ ਹਨ। 2022 ਦੀਆਂ ਘਟਨਾਵਾਂ ਨਾਲ ਡਰ, ਤਣਾਅ ਅਤੇ ਵੰਡ ਪੈਦਾ ਹੋਈ, ਇਸ ਲਈ ਜ਼ਰੂਰੀ ਹੈ ਕਿ ਕਮਿਊਨਿਟੀਆਂ ਸਬਕ ਲੈਣ ਅਤੇ ਏਕਤਾ ਬਣਾਈ ਰੱਖਣ।

**ਪਿੱਛੋਕੜ – ਇਹ ਕਿਉਂ ਹੋਇਆ?**

2022 ਵਿੱਚ ਤਣਾਅ ਹੌਲੀ-ਹੌਲੀ ਵਧਿਆ। ਅਗਸਤ 2022 ਵਿੱਚ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਤੋਂ ਬਾਅਦ ਭਾਵਨਾਵਾਂ ਤਿੱਖੀਆਂ ਹੋ ਗਈਆਂ। ਉਸ ਸਮੇਂ ਸੋਸ਼ਲ ਮੀਡੀਆ ’ਤੇ ਕਈ ਝੂਠੀਆਂ ਖ਼ਬਰਾਂ, ਅਫਵਾਹਾਂ ਅਤੇ ਭੜਕਾਉਣ ਵਾਲੀਆਂ ਪੋਸਟਾਂ ਤੇਜ਼ੀ ਨਾਲ ਫੈਲੀਆਂ, ਜਿਸ ਨਾਲ ਕੁਝ ਗਰੁੱਪਾਂ ਵਿਚਕਾਰ ਬੇਭਰੋਸਾ ਵਧਿਆ। ਹਾਲਾਂਕਿ ਥੋੜ੍ਹੇ ਲੋਕ ਹੀ ਸਿੱਧੇ ਤੌਰ ’ਤੇ ਗੜਬੜ ਵਿੱਚ ਸ਼ਾਮਲ ਸਨ, ਪਰ ਇਸ ਦਾ ਅਸਰ ਪੂਰੀ ਕਮਿਊਨਿਟੀ ’ਤੇ ਪਿਆ।

ਅਸ਼ਾਂਤੀ ਦਾ ਅਸਰ

ਇਨ੍ਹਾਂ ਘਟਨਾਵਾਂ ਦੌਰਾਨ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਗਭਗ 25 ਪੁਲਿਸ ਅਧਿਕਾਰੀ ਜ਼ਖਮੀ ਹੋਏ ਜਦੋਂ ਉਹ ਹਾਲਾਤ ਕਾਬੂ ਕਰਨ ਦੀ



ਕੋਸ਼ਿਸ਼ ਕਰ ਰਹੇ ਸਨ। ਕੁਝ ਆਮ ਲੋਕ ਵੀ ਪ੍ਰਭਾਵਿਤ ਹੋਏ ਅਤੇ ਘਰਾਂ, ਕਾਰੋਬਾਰਾਂ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਕਈ ਪਰਿਵਾਰਾਂ ਵਿੱਚ ਡਰ ਅਤੇ ਅਣਸ਼ਚਿਤਤਾ ਦਾ ਮਾਹੌਲ ਬਣਿਆ ਅਤੇ ਲੈਸਟਰ ਦੀ ਸ਼ਾਂਤੀਪਸੰਦ ਛਵੀ ਨੂੰ ਵੀ ਝਟਕਾ ਲੱਗਾ।

ਇੰਡੀਆਨ ਵਰਕਰਜ਼ ਐਸੋਸੀਏਸ਼ਨ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਬਿਨਾਂ ਪੱਕੀ ਜਾਣਕਾਰੀ ਦੇ ਸੋਸ਼ਲ ਮੀਡੀਆ ’ਤੇ ਕੋਈ ਵੀ ਸੁਨੇਹਾ ਨਾ ਫੈਲਾਇਆ ਜਾਵੇ। ਗਲਤ ਜਾਣਕਾਰੀ ਨਾਲ ਗਲਤਫ਼ਹਿਮੀਆਂ ਅਤੇ ਤਣਾਅ ਪੈਦਾ ਹੁੰਦੇ ਹਨ।

ਐਸੋਸੀਏਸ਼ਨ ਨੇ ਲੈਸਟਰ ਅਤੇ ਹੋਰ ਸ਼ਹਿਰਾਂ ਵਿੱਚ ਕਮਿਊਨਿਟੀ ਮੀਟਿੰਗਾਂ ਅਤੇ ਸੈਮੀਨਾਰ ਕਰਵਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਏਕਤਾ, ਜਾਗਰੂਕਤਾ ਅਤੇ ਜ਼ਿੰਮੇਵਾਰ ਸੰਚਾਰ ਨੂੰ ਵਧਾਇਆ ਜਾ ਸਕੇ। ਇਸ ਕੰਮ ਵਿੱਚ ਧਾਰਮਿਕ ਅਗੂਆਂ, ਟਰੇਡ ਯੂਨੀਅਨਾਂ, ਨੌਜਵਾਨ ਗਰੁੱਪਾਂ ਅਤੇ ਸਿਵਿਕ ਸੰਸਥਾਵਾਂ ਨਾਲ ਮਿਲ ਕੇ ਕੰਮ ਕੀਤਾ ਜਾਵੇਗਾ।

ਇਸ ਬਾਰੇ ਇੰਡੀਆਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ: “ਨਿਆਂ, ਬਰਾਬਰੀ ਅਤੇ ਇੱਜ਼ਤ ਦੀ ਗੱਲ ਆਵੇ ਤਾਂ ਮਜ਼ਦੂਰਾਂ ਦਾ ਕੋਈ ਧਰਮ ਨਹੀਂ ਹੁੰਦਾ। ਸਾਡੀ ਸਾਂਝੀ ਇਨਸਾਨੀਅਤ ਅਤੇ ਸਾਂਝੀਆਂ ਮੁਸ਼ਕਲਾਂ ਹਮੇਸ਼ਾ ਵੰਡ ਤੋਂ ਉੱਪਰ ਹੋਣੀਆਂ ਚਾਹੀਦੀਆਂ ਹਨ।”

ਉਹਨਾਂ ਨੇ ਹੋਰ ਕਿਹਾ: “ਅੱਜ ਹਰ ਕਮਿਊਨਿਟੀ ਨੂੰ ਇਕੋ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਹੈ — ਮਹਿੰਗਾਈ, ਬੇਰੁਜ਼ਗਾਰੀ, ਘਰਾਂ ਦੀ ਘਾਟ ਅਤੇ ਐਨ.ਐਚ.ਐਸ. ’ਤੇ ਦਬਾਅ। ਇਹ ਸਾਰੀਆਂ ਸਮੱਸਿਆਵਾਂ ਸਾਡੇ ਸਾਰਿਆਂ ਦੀਆਂ ਹਨ। ਸਾਨੂੰ ਗਲਤ ਜਾਣਕਾਰੀ ਜਾਂ ਰਾਜਨੀਤਿਕ ਤਣਾਅ ਨੂੰ ਆਪਣੀ ਏਕਤਾ ਨੂੰ ਤੋੜਨ ਨਹੀਂ ਦੇਣਾ ਚਾਹੀਦਾ। ਏਕਤਾ ਹੀ ਅੱਗੇ ਦਾ ਰਸਤਾ ਹੈ।”

ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਸਲਵਾਦ ਵਿਰੋਧ, ਬਰਾਬਰੀ, ਸਮਾਜਿਕ ਨਿਆਂ ਅਤੇ ਕਮਿਊਨਿਟੀ ਏਕਤਾ ਲਈ ਆਪਣੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਲੈਸਟਰ ਦੇ ਭਵਿੱਖ ਲਈ ਏਕਤਾ ਸਭ ਤੋਂ ਵੱਡੀ ਤਾਕਤ ਹੈ।

# (ਮੂਰਖ ਦਿਵਸ ਅਤੇ ਡਾਇਨਾਸੌਰਸ)

ਇੱਕ ਪ੍ਰਤੀਕ੍ਰਿਆ ਵਿੱਚ ਲਿਖਿਆ ਹੈ ਕਿ ਜਿਹੜਾ ਬੰਦਾ,ਮੂਰਖ ਦਿਵਸ ਉੱਤੇ ਇਕ ਮਿੰਟ ਵਾਸਤੇ ਮੂਰਖ ਨਹੀਂ ਬਣਦਾ, ਉਹ ਸਾਰੀ ਉਮਰ ਮੂਰਖ ਬਣਿਆ ਰਹਿੰਦਾ ਹੈ। ਕੋਈ ਹੋਰ ਕਹਿੰਦਾ, ਡਰ ਮੂਹਰੇ ਭੂਤ ਨੱਚਦੇ ਨੇ। ਕੋਈ ਕਹਿੰਦਾ ਡਾਇਨ,ਡਾਇਣ, ਡੈਣ ਮੂਹਰੇ ਭੂਤ ਨੱਚਦੇ ਜਾਂ ਡੈਣਾਂ ਭੂਤ ਨਚਾਉਂਦੀਆਂ ਨੇ।,ਪਤਾ ਲੱਗਿਆ ਹੈ ਕਿ ਇਸ ਧਰਤੀ ਉੱਤੇ 16ਮਿਲੀਅਨ ਸਾਲ ਪਹਿਲਾਂ ਡਾਇਨਾਸੌਰ ਵਿਚਰਕੇ ਗਏ ਹਨ। ਡਾਇਨਾਸ ਤੋਂ ਭਾਵ ਭਿਆਨਕ,ਸੌਰਸ ਤੋਂ ਭਾਵ ਜ਼ਹਿਰੀਲੀ ਕਿਰਲੀ। 1832ਵਿੱਚ ਸਰ ਰਿਚਰਡ ਓਵਨ ਦੁਆਰਾ ਡਾਇਨਾਸੌਰਸ ਸ਼ਬਦ ਦੀ ਵਰਤੋਂ ਕੀਤੀ ਗਈ ਸੀ, ਬਹੁਤ ਵੱਡੇ ਕੋੜ੍ਹ ਕਿਰਲੇ ਦੇ ਰੂਪ ਵਿੱਚ, ਸਮੁੰਦਰੀ ਡਾਇਨਾਸੌਰ, ਧਰਤੀ ਤੇ ਰੀਂਗਣ ਵਾਲੇ ਵਾਲੇ ਡਾਇਨਾਸੌਰ, ਹਵਾ ਵਿੱਚ ਉੱਡਣ ਵਾਲੇ ਡਾਇਨਾਸੌਰ ਲਗਭਗ 160 ਲੱਖ ਸਾਲ ਪਹਿਲਾਂ ਘਸਮਾਣ ਮਚਾਕੇ ਅਲੋਪ ਹੋ ਗਏ ਸਨ। ਭੂਤਾਂ ਵਰਗੀ ਡਰਾਉਣੀ ਗਰਜ ਨਾਲ ਧਰਤੀ ਨੂੰ ਕੰਬਣ ਲਾ ਦਿੰਦੇ ਸਨ। ਇਹ ਸਾਰੀਆਂ ਮਿਥਿਹਾਸਿਕ ਗੱਲਾਂ ਹਨ। ਭਾਵੇਂ ਕਿਸੇ ਨੇ ਵੀ ਦੇਖੇ ਨਹੀਂ ਹਨ ਪ੍ਰੰਤੂ, ਉਨ੍ਹਾਂ ਦੇ ਪਿੰਜਰ, ਕੰਕਾਲ, ਹੱਡੀਆਂ ਆਦਿ ਤੋਂ ਉਨ੍ਹਾਂ ਦੀ ਬਣਤਰ ਅਤੇ ਕੱਦ ਕਾਠ ਦਾ ਪਤਾ ਲੱਗਿਆ,ਕੰਠ ਦੇ ਆਸ ਪਾਸ ਦੀਆਂ ਹੱਡੀਆਂ ਦੇ ਢਾਂਚੇ ਵਿੱਚ ਹਵਾ ਦੇ ਜ਼ੋਰਦਾਰ ਫਰਾਟਿਆਂ ਨਾਲ ਉਨ੍ਹਾਂ ਦੀ ਆਵਾਜ਼ ਦੇ ਬੋਲਾਂ ਦਾ ਅੰਦਾਜ਼ਾ ਲਗਾਇਆ ਗਿਆ।ਫਿਲਮਾਂ ਵਿੱਚ ਦਿਖਾਏ ਜਾਂਦੇ ਡਾਇਨਾਸੌਰ ਵੀ ਕਲਪਨ-ਾਤਮਕ ਹੁੰਦੇ ਹਨ।ਇਸਤੋਂ ਹਰਗਿਜ਼ ਇਹ ਭਾਵ ਨਹੀਂ ਕਿ ਸਭ ਕੁਝ ਗਲਤ ਹੈ। ਡਾਇਨ-ਾਸੋਰਸ ਬਾਰੇ ਸਹੀ ਜਾਣਕਾਰੀ ਉਹਨਾਂ ਦੇ ਮਲ ਤੋਂ ਇਕੱਠੀ ਕੀਤੀ ਗਈ ਵਿਗਿਆਨੀ ਉਹਨਾਂ ਦੇ ਮਲ ਨੂੰ ਕ੍ਰੀਓਪਲੀਟ ਕਹਿੰਦੇ ਹਨ ਯੂਐਸ ਯੂਨੀ0ਆਫ ਕੋਲੋਰਾਡੋ ਦੇ ਕੈਰੇਨ ਸ਼ਿਨ ਨੇ ਪਿਛਲੇ 25 ਸਾਲਾਂ ਤੋਂ ਡਾਇਨਾਸੋਰ ਦੇ ਮਲ ਤੇ ਖੋਜ ਕਰ ਰਹੇ ਹਨ। ਉਸ ਨੂੰ ਪਤਾ ਚੱਲਿਆ ਡਾਇਨਾਸੋਰ ਦੀਆਂ ਕਈ ਕਿਸਮਾਂ ਨੇ ਲੱਕੜ ਵੀ ਖਾਧੀ ਜਿਸ ਨਾਲ ਉਨ੍ਹਾਂ ਨੂੰ ਊਰਜਾ ਮਿਲਦੀ ਸੀ। ਜਿਸ ਸਮੇਂ ਧਰਤੀ ਤੇ ਘਾਹ ਨਹੀਂ ਹੁੰਦਾ ਸੀ, ਲੱਕੜ ਖਾਣ ਲਈ ਮਜਬੂਰ ਸਨ। 20ਵੀਂ ਸਦੀ ਵਿੱਚ ਅਮਰੀਕੀ ਵਿਗਿਆਨੀ ਜੈਕ ਹੌਰਨਰ ਨੇ ਮੌਨਟਾਨਾ ਰਾਜ ਵਿੱਚ ਡਾਇਨ-ਾਸੋਰਸ ਜੈਵਸ ਦਾ ਖਜ਼ਾਨਾ ਲੱਭਿਆ। ਉਸਨੂੰ ਡਾਇਨਾਸੋਰਸ ਦੇ ਅੰਡੇ, ਭਰੂਣ ਅਤੇ ਬੱਚੇ ਦੇ ਪਿੰਜਰ ਮਿਲੇ। ਇਸ ਤਰ੍ਹਾਂ ਲੱਗਿਆ ਜਿਵੇਂ ਡਾਇਨਾਸੋਰਸ ਦੀ ਕੋਈ ਗੁਪਤ ਗੁੱਫਾ ਉਨ੍ਹਾਂ ਦੇ ਹੱਥ ਲੱਗ ਗਈ ਹੋਵੇ ਵਿਗਿਆਨੀਆਂ ਨੇ ਉਸ ਥਾਂ ਦਾ ਨਾਮ ਐਗ ਮਾਊਂਟੇਨ ਰੱਖਿਆ ਅਮਰੀਕੀ ਵਿਗਿਆਨੀ,ਮੈਟ ਕਰੀਨੋ ਦੱਸਿਆ ਕਿ ਡਾਇਨ-ਾਸੋਰਸ ਦੇ ਅੰਡਿਆਂ ਨੇ ਉਨ੍ਹਾਂ ਦੇ ਜੀਵਨ ਬਾਰੇ ਬਹੁਤ ਸਾਰੀਆਂ ਗੁੰਝਲਾਂ ਦਾ ਖੁਲਾਸਾ ਕੀਤਾ। ਉਹਨਾਂ ਦੇ ਨਰ ਮਾਦਾ ਹੋਣ ਦਾ ਵੀ ਪਤਾ ਲੱਗਿਆ। ਬਹੁਤ ਸਾਰੇ ਡਾਇਨਾਸੋਰ ਖੰਭਾਂ ਵਾਲੇ ਸਨ, ਭਾਰੀ ਸਰੀਰ ਕਰਕੇ ਉਡ ਨਹੀਂ ਸਕਦੇ ਸਨ। ਉਹ ਇਕ ਦੂਜੇ ਨੂੰ ਭਰਮਾਉਣ ਜਾਂ ਖੰਭਾਂ ਦੀ ਸਹਾਇਤਾ ਨਾਲ ਸੁਨੇਹਾ ਭੇਜਦੇ ਸਨ।ਜੀਵਾਸ਼ਮ ਦੀ ਮਦਦ ਨਾਲ ਨਿਚੋੜ ਕੱਢਿਆ ਕਿ ਸਮੁੰਦਰੀ ਡਾਇਨਾਸੋਰ ਇਥੀਆਸੋਰ ਦੀ ਚਮੜੀ ਗੂੜ੍ਹੇ ਕਾਲੇ ਰੰਗ ਦੀ, ਖੰਭਾ ਵਾਲੇ ਡਾਇਨਾਸੋਰ ਦੇ ਸਰੀਰ ਤੇ ਧਾਰੀਆਂ ਹੋਣ ਦੇ ਸੰਕੇਤ ਸਨ। ਅਧਿਕਤਰ ਡਾਇਨਾਸੋਰਸ ਦੀ ਚਮੜੀ ਗਹਿਰੀ ਲਾਲ ਭੂਰੇ ਜਾਂ ਗਿਰੀਦਾਰ ਰੰਗ ਦੀ ਹੁੰਦੀ ਹੋਵੇਗੀ। ਉਨ੍ਹਾਂ ਦੀ ਆਵਾਜ਼ ਬਹੁਤ ਸਾਰੇ ਪੰਛੀਆਂ ਦੀਆਂ ਆਵਾਜ਼ਾਂ ਨੂੰ ਮਿਲਾ ਕੇ ਗਰਜ ਜਿਹੀ ਆਵਾਜ਼ ਦਾ ਅੰਦਾਜਾ ਹੈ। ਲੰਡਨ ਦੇ ਪਾਲ ਵੈਰਾਟ ਦਾ ਕਹਿਣਾ ਹੈ ਕਿ ਸਾਡੇ ਕੋਲ ਕਾਫੀ ਜਾਣਕਾਰੀ ਹੈ ਜਿਸ ਨਾਲ ਅਸੀਂ ਉਹਨਾਂ ਦੀ ਸੰਪੂਰਨ ਤਸਵੀਰ ਬਣਾ ਸਕੀਏ।ਡਾਇਨਾਸੋਰਸ ਸੁੱਕੇ ਜਾਂ ਦਲਦਲੀ ਖੇਤਰਾਂ ਵਿੱਚ ਰਹਿੰਦੇ ਸਨ ਵਿਲੱਖਣ ਅਤੇ ਅਨੋਖੇ ਜਾਨਵਰ ਸਨ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**